1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 103
ਨੰਬਰ 03

੪ ਤੋਂ ੧੬ ਫੱਗਣ ੨੦੭੯ ਬਿ.
16 to 28 February 2023

# ਸਤਿਜੁਗ

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਤ੍ਰਿਬੇਣੀ ਪੁਰਬ - ਹੋਲਾ ਮਹੱਲਾ

10/-

# ਮੇਲਾ ਬਸੰਤ ਪੰਚਮੀ

## ਸਥਾਨ: ਸ੍ਰੀ ਭੈਣੀ ਸਾਹਿਬ, ਲੁਧਿਆਣਾ, ਮਿਤੀ: 26-27 ਜਨਵਰੀ 2023



ਸਤਿਜੁਗ


੪ ਤੋਂ ੧੬ ਫੱਗਣ ੨੦੭੯ ਬਿ.

16 ਤੋਂ 28 ਫਰਵਰੀ 2023 ਈ.

ਜਿਲਦ 103, ਨੰਬਰ 3



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4

* ਗੁਰਬਾਣੀ ਵਿਆਖਿਆ...........................................6

* ਸਭਰਾਵਾਂ ਦੇ ਮੈਦਾਨ ਤੋਂ ਰੰਗੂਨ ਦੇ ਬੰਗਲੇ ਤੱਕ- ਬਾਬਾ ਦਰਬਾਰਾ ਸਿੰਘ ਰਾਇਪੁਰ
ਸੁਵਰਨ ਸਿੰਘ ਵਿਰਕ..................................8

* ਅੱਜ ਵੀ ਤੇਰੀ ਹਰ ਪੈੜ ਦੇ ਨਿਸ਼ਾਨ ਸਾਬਤ ਨੇ
ਗੁਰੰਮਗਤ ਗ਼ਾਫ਼ਲ....................................15

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ...............................21

* **Spot reduction: why exercise probably can't help you target fatty areas of the body**
**Christopher Gaffney......................................24**

* ਬੱਚਿਆਂ ਦਾ ਪੰਨਾ..............................................26

* ਖ਼ਬਰਨਾਮਾ......................................................27

* **Matrimonial..............................................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਤ੍ਰਿਵੇਣੀ ਪੁਰਬ – ਹੋਲਾ ਮਹੱਲਾ

ਸੰਪਾਦਕੀ

ਹੋਲੀ ਰੰਗਾਂ ਦਾ ਤਿਉਹਾਰ ਹੈ। ਭਾਰਤ ਵਿੱਚ ਸਦੀਆਂ ਤੋਂ ਇਹ ਤਿਉਹਾਰ ਇਕ-ਦੂਜੇ 'ਤੇ ਰੰਗ ਸੁੱਟ ਕੇ ਮਨਾਇਆ ਜਾਂਦਾ ਹੈ। ਫੱਗਣ ਦੀ ਪੂਰਨਮਾਸ਼ੀ ਨੂੰ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿੱਚ ਉਤਰੀ ਭਾਰਤ ਦਾ ਮੌਸਮ ਤੇਜ਼ੀ ਨਾਲ ਬਦਲ ਰਿਹਾ ਹੁੰਦਾ ਹੈ। ਪੋਹ-ਮਾਘ ਦੀ ਸਖ਼ਤ ਠੰਢ ਖ਼ਤਮ ਹੁੰਦੀ ਹੈ ਤੇ ਗਰਮੀ ਤੋਂ ਪਹਿਲਾਂ ਸਰਦੀ-ਗਰਮੀ ਰੁੱਤ ਦੇ ਮਿਲਣ ਦਿਨਾਂ ਵਿੱਚ ਸੁਹਾਵਣੇ ਮੌਸਮ ’ਚ ਮਨਾਇਆ ਜਾਣ ਵਾਲਾ ਖੁਸ਼ੀਆਂ ਖੇੜਿਆ ਵਾਲਾ ਤਿਉਹਾਰ ਹੈ। ਇਸ ਬਾਬਤ ਦਸਮ ਗ੍ਰੰਥ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੀ ਲਿਖਦੇ ਹਨ-

ਮਾਘ ਬਤੀਤ ਭਏ ਰੁਤ ਫਾਗੁਨ ਆਇ ਗਈ ਸਭ ਖੇਲਤ ਹੋਰੀ॥
ਗਾਵਤ ਗੀਤ ਬਜਾਵਤ ਤਾਲ ਕਹੈ ਮੁਖ ਤੇ ਭਰੂਆ ਮਿਲ ਜੋਰੀ॥

ਇਹ ਤਿਉਹਾਰ ਭਾਰਤੀ ਪੁਰਾਤਨ ਕਥਾ ਨਾਲ ਸੰਬੰਧਤ ਹੈ। ਸਤਿਜੁਗ ਦੇ ਸਮੇਂ ਹਰਨਾਖ਼ਸ਼ ਰਾਜੇ ਦੇ ਘਰ ਧਰਮ ਬਿਰਤੀ ਵਾਲਾ ਪੁੱਤਰ ਪ੍ਰਹਿਲਾਦ ਪੈਦਾ ਹੋਇਆ ਹੈ। ਜੋ ਆਪਣੇ ਬਾਪ ਹਰਨਾਖ਼ਸ਼ ਨੂੰ ਰੱਬ ਕਹਿਣ ਤੋਂ ਇਨਕਾਰੀ ਹੋ ਜਾਂਦਾ ਹੈ ਤੇ

ਭਗਵਾਨ ਵਿਸ਼ਨੂੰ ਦਾ ਭਗਤ ਬਣ ਜਾਂਦਾ ਹੈ। ਇਸ ਗੱਲ ਦੇ ਗੁੱਸੇ ਵਿੱਚ ਹਰਨਾਖ਼ਸ਼ ਪੁੱਤਰ ਨੂੰ ਖ਼ਤਮ ਕਰਨ ਦੇ ਕਈ ਤਰੀਕੇ ਵਰਤੇ ਪਰ ਪ੍ਰਹਿਲਾਦ ਨੂੰ ਕੁਝ ਨਾ ਹੋਇਆ।

ਅਖੀਰ ਪ੍ਰਹਿਲਾਦ ਦੀ ਭੂਆ ਉਸਨੂੰ ਦੈਵੀ ਸ਼ਕਤੀ ਵਾਲੀ ਚਾਦਰ ਦੀ ਬੁੱਕਲ ਮਾਰ ਕੇ ਅੱਗ ਵਿੱਚ ਲੈ ਕੇ ਬੈਠ ਜਾਂਦੀ ਹੈ ਪਰ ਹਵਾ ਦੇ ਝੌਂਕੇ ਨਾਲ ਚਾਦਰ ਉਸਦੀ ਭੂਆ ਹੋਲਿਕਾ ਤੋਂ ਉੱਡ ਕੇ ਪ੍ਰਹਿਲਾਦ 'ਤੇ ਪੈ ਜਾਂਦੀ ਹੈ। ਪ੍ਰਹਿਲਾਦ ਬਚ ਜਾਂਦਾ ਹੈ ਤੇ ਹੋਲਿਕਾ ਸੜ ਜਾਂਦੀ ਹੈ। ਲੱਕੜਾਂ ਦਾ ਢੇਰ ਜਦੋਂ ਸੁਆਹ ਬਣਦਾ ਹੈ ਤਾਂ ਹਰਨਾਖ਼ਸ਼ ਪੱਖੀ ਲੋਕ ਹੋਲੀ ਹੈ! ਹੋਲੀ ਹੈ! ਦੇ ਨਾਅਰੇ ਲਾਉਂਦੇ ਹਨ। ਪਰ ਹੋਲਿਕਾ ਸੁਆਹ ਹੋਈ ਮਿਲਦੀ ਹੈ।

ਇੰਞ ਇਹ ਤਿਉਹਾਰ ਜ਼ਾਲਮ ਦੇ ਹਾਰ, ਝੂਠ ਦੇ ਹਰ ਜਾਣ ਅਤੇ ਸੱਚ ਦੀ ਜਿੱਤ ਦਾ ਪ੍ਰਤੀਕ ਹੈ।

ਸਿੱਖ ਧਰਮ ਵਿੱਚ ਇਹ ਤਿਉਹਾਰ ਹੋਲਾ-ਮਹੱਲਾ ਦੇ ਨਾਂ ਨਾਲ ਪ੍ਰਸਿੱਧ ਹੈ। ਇਸਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਜਦੋਂ ਔਰੰਗਜ਼ੇਬ, ਹਰਨਾਖ਼ਸ਼ ਵਾਂਗ ਜ਼ਾਲਮ ਬਣ ਹਿੰਦੂ ਧਰਮ ਲਈ ਸੰਕਟ ਬਣਦਾ ਹੈ ਤਾਂ ਉਸ ਸਮੇਂ ਪਹਾੜਾਂ ਦੀ ਪੈੜ 'ਚ ਵੱਸੇ ਸ਼ਹਿਰ ਆਨੰਦਪੁਰ ਤੋਂ ਨਾਬਰੀ ਦੀ ਸੁਰ ਅਲਾਪਦੀ ਹੈ। ਪ੍ਰਹਿਲਾਦ ਵਾਂਗ ਸਮੇਂ ਦੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਲਲਕਾਰਦੀ ਹੈ। ਗੁਰੂ ਸਾਹਿਬ, ਬਾਦਸ਼ਾਹ ਔਰੰਗਜ਼ੇਬ ਦੀ ਕੱਟੜ, ਸੰਕੀਰਨ ਸੋਚ ਖਿਲਾਫ਼ ਲਹੂ ਵਿੱਢਵੀਂ ਲੜਾਈ ਵਿੱਢ ਦੇ ਹਨ। ਆਨੰਦਪੁਰ ਦੀਆਂ ਨੇੜਲੀਆਂ ਪਹਾੜੀਆਂ 'ਤੇ ਯੁੱਧ ਅਭਿਆਸ ਸ਼ੁਰੂ ਕਰਦੇ ਹਨ। ਸਧਾਰਨ ਕਿਰਤੀਆਂ ਹੱਥ ਰਣ 'ਚ ਜੂਝਣ ਵਾਲੇ ਹਥਿਆਰ ਸਜ ਜਾਂਦੇ ਹਨ। ਆਪਸੀ ਯੁੱਧ ਅਭਿਆਸ ਵਿੱਚ ਬਣਾਈਆਂ ਦੋ ਟੁੱਕੜੀਆਂ ਇਕ ਮਿਥੀ ਜਗ੍ਹਾ 'ਤੇ ਕਾਬਜ਼ ਹੋਣ ਲਈ ਭਿੜਦੀਆਂ ਹਨ। ਪਰਸਪਰ ਹੱਲੇ ਹੁੰਦੇ ਹਨ। ਇਸੇ ਸਮੇਂ ਹੋਲੀ ਦੇ ਰੰਗੀਨ ਤਿਉਹਾਰ ਦਾ ਰੂਪਾਂਤਰਣ ਹੋਲਾ-ਮਹੱਲਾ ਵਿੱਚ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਹੋਲਾ-ਮਹੱਲਾ ਦਾ ਅਰਥ ਹਮਲਾ ਅਤੇ ਜਾਯ ਹਮਲਾ, ਹੱਲਾ ਅਤੇ ਹੱਲੇ ਦੀ ਥਾਂ ਕਰਦੇ ਹਨ।

ਨਾਮਧਾਰੀ ਪੰਥ ਵਿੱਚ ਹੋਲਾ-ਮਹੱਲਾ ਪੁਰਬ ਨੂੰ ਤ੍ਰਿਵੇਣੀ-ਪੁਰਬ ਬਣਾ ਕੇ ਮਨਾਇਆ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇਸ ਮੇਲੇ 'ਤੇ ਦੋ ਪੁਰਬ ਮਨਾਏ ਜਾਂਦੇ। ਪਹਿਲਾ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਹੋਲੀ ਤੋਂ ਹੋਲਾ ਬਨਾਉਣਾ ਅਤੇ ਦੂਸਰਾ ਪੁਰਬ ਇਸ ਵਿੱਚ ਜੋੜਿਆ- 'ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਦਿਵਸ।' ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਫੱਗਣ ਸੁਦੀ ਪੂਰਨਮਾਸ਼ੀ ਨੂੰ ਪਿਤਾ ਬਾਬਾ ਦਿਆਲ ਸਿੰਘ ਜੀ ਦੇ ਘਰ ਮਾਤਾ ਭਾਗਭਰੀ ਦੀ ਕੁਖੋਂ 1841 ਬਿ. (1785 ਈ.) ਪਿੰਡ ਸਰਵਾਲਾ ਜ਼ਿਲ੍ਹਾ ਅਟਕ ਵਿੱਚ ਹੋਇਆ। ਗੁਰੂ ਸਾਹਿਬ ਬਚਪਨ ਵਿੱਚ ਹੀ ਨਾਮ-ਜਪਣ ਵਾਲੇ ਸਾਧੂ-ਸੰਤਾਂ ਦੀ ਸੰਗਤ ਵਿੱਚ ਬੈਠਣ ਦੇ ਆਦੀ ਹੋ ਗਏ ਸਨ। ਹਰ ਸਮੇਂ ਬਿਰਤੀ ਪ੍ਰਭੂ ਸਿਮਰਨ ਵਿੱਚ ਜੁੜੀ ਰਹਿੰਦੀ। ਉਨ੍ਹਾਂ ਬਾਰੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ-

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਯਾਗੀ ਹੈਂ।
ਤਾਲਕ ਰਖੈ ਹੈਂ ਏਕ ਖਾਲਕ ਸੈਂ ਸਾਲਕ ਸੋਂ, ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ, ਸਜਮਤ ਭਗਤਿ ਵਿਰਕਤਿ ਅਦਾਗੀ ਹੈਂ।
ਕੀਰਤਨ ਕਥਾ ਸਤਸੰਗ ਜਥਾ ਜੋਗ ਤਥਾ, ਰਾਖਤ ਥਾ ਭਾਖਤ ਥਾ ਭਜਨ ਸਜਾਗੀ ਹੈਂ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਵਤਾਰ ਦਿਵਸ ਨੂੰ ਵੀ ਇਸ ਮੇਲੇ ਵਿੱਚ ਹੀ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਚੇਤ ਵਦੀ ਤੀਜ 1946 ਬਿ. ਨੂੰ (1890 ਈ.) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਿਤਾ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਦੀ ਕੁਖੋਂ ਹੋਇਆ।

ਹੁਣ ਨਾਮਧਾਰੀ ਹੋਲੇ-ਮਹੱਲੇ ਦਾ ਪਹਿਲਾ ਦਿਨ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਜਾਂਦਾ ਹੈ। ਦੂਜੇ ਤੇ ਤੀਜੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਹੋਲੇ-ਮਹੱਲੇ ਬਣਾਉਣ ਤੇ ਜ਼ਾਲਮ ਸਰਕਾਰ ਖਿਲਾਫ਼ ਲੜੀ ਲੜਾਈ ਦੀ ਮਹਿਮਾ ਕੀਤੀ ਜਾਂਦੀ ਹੈ ਅਤੇ ਚੌਥੇ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਰਉਪਕਾਰਾਂ ਦੀ ਗਾਥਾ ਗਾਈ ਜਾਂਦੀ ਹੈ। ਇੰਜ ਇਹ ਹੋਲਾ-ਮਹੱਲਾ ਤ੍ਰਿਵੇਣੀ ਪੁਰਬ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

..................................................................................

# ਗੁਰਬਾਣੀ ਵਿਆਖਿਆ - ਜਾਪੁ

**ਸਰਬੰ ਦੇਵੰ॥ ਸਰਬੰ ਭੇਵੰ॥**
ਤੂੰ ਸਾਰਿਆਂ ਦਾ ਪੂਜਨੀਕ ਅਤੇ ਸਾਰਿਆਂ ਦਾ ਭੇਤੀ ਹੈਂ।
You are the deity and secret-keeper of all.
You are worshipped by all, and know everyone.

**ਸਰਬੰ ਕਾਲੇ॥ ਸਰਬੰ ਪਾਲੇ॥੭੮॥**
ਹੇ ਪ੍ਰਭੂ! ਤੂੰ ਹਰ ਸਮੇਂ ਸਾਰਿਆਂ ਨੂੰ ਪਾਲਦਾ ਹੈਂ।
O God! You are the sustainer of all in all times.

**ਰੂਆਲ ਛੰਦ॥ ਤ੍ਵ ਪ੍ਰਸਾਦਿ॥**
Ruaal Chhand. Twa Prasaadi
*Ruaal Chand*, with Your blessing

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥**
ਹੇ ਮਹਾਨ ਪੁਰਸ਼ਾਰਥ ਵਾਲੇ ਪ੍ਰਭੂ! ਤੂੰ ਆਦਿ-ਰੂਪ ਹੈਂ, ਤੇਰੀ ਮੂਰਤ ਆਦਿ ਤੋਂ ਰਹਿਤ ਹੈ
ਅਤੇ ਤੂੰ ਜੂਨੀਆਂ ਵਿੱਚ ਨਹੀਂ ਆਉਂਦਾ।
Aadi roop anaadi moorti ajoni purkh apaar.
O great God! You are primal source and without a beginning.
You do not fall in the cycle of births, deaths and rebirths.
O, The primal source and Eternal God! You are free of birth, death and limits.

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**
ਤੂੰ ਸਾਰਿਆਂ ਦਾ ਪੂਜਣ ਯੋਗ, ਤਿੰਨਾਂ ਦੇਵਤਿਆਂ (ਬ੍ਰਹਮਾ,ਵਿਸ਼ਨੂੰ,ਸ਼ਿਵ) ਦਾ ਮਾਣ,
ਭੇਦ ਰਹਿਤ ਅਤੇ ਸ਼ੁਰੂ ਤੋਂ ਹੀ ਦਾਤਾਰ ਹੈਂ।
You are adorable for all and the pride and confidant of the Trinity
(Brahma, Vishnu and Mahesh).
You are the honor of all, venerated by the Trinity Gods (*Brahma, Vishnu, Mahesh*),
unbiased and generous by nature.

**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥**
ਤੂੰ ਸਾਰਿਆਂ ਨੂੰ ਇਸ ਲੋਕ 'ਤੇ ਭੇਜਣ ਵਾਲਾ, ਪਾਲਣ ਵਾਲਾ
ਅਤੇ ਉਹਨਾਂ ਨੂੰ ਖਤਮ ਕਰਨ ਵਾਲਾ ਹੈਂ।
You are the sender of all to this world, their sustainer and destroyer also.
You sustain and destroy everyone, and give the next cycle (of life and death).

**ਜੱਤ੍ਰ ਤੱਤ੍ਰ ਬਿਰਾਜਹੀ ਅਵਿਧੂਤ ਰੂਪ ਰਸਾਲ॥੭੯॥**
ਤੂੰ ਸਭ ਜਗਾ ਤਿਆਗੀ ਹੋ ਕੇ ਰਸ ਸਹਿਤ ਬਿਰਾਜਦਾ ਹੈਂ।
You dwell everywhere as renunciate with your bliss.
Your essence dwells everywhere in spite of Your renunciation.

**ਨਾਮ ਠਾਮ ਨ ਜਾਤ ਜਾ ਕਰ ਰੂਪ ਰੰਗ ਨ ਰੇਖ॥**
ਤੇਰਾ ਕੋਈ ਨਾਮ, ਸਥਾਨ, ਰੂਪ, ਰੰਗ ਅਤੇ ਨਿਸ਼ਾਨ ਨਹੀਂ ਹੈ।
You have no name, place, caste, form, color and sign.

**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥**
ਤੂੰ ਆਦਿ-ਪੁਰਖ, ਦਾਤਾ-ਰੂਪ, ਜਨਮ ਰਹਿਤ ਅਤੇ ਮੁੱਢ ਤੋਂ ਹੀ ਪੂਰਣ ਹੈਂ।
You are the primal force, giver, birth-less and perfect ab initio.
You are the primal God, generous by nature, unborn and perfect since the beginning.

**ਦੇਸ ਅਉਰ ਨ ਭੇਸ ਜਾ ਕਰ ਰੂਪ ਰੇਖ ਨ ਰਾਗ॥**
ਹੇ ਪ੍ਰਭੂ! ਤੇਰਾ ਕੋਈ ਵਿਸ਼ੇਸ ਦੇਸ, ਭੇਖ, ਰੂਪ, ਨਿਸ਼ਾਨ ਅਤੇ ਸ਼ਿੰਗਾਰ ਨਹੀਂ ਹੈ।
O God! You have no specific place, appearance, form, color and adornment.

**ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥**
ਤੂੰ ਸਭ ਦਿਸ਼ਾਵਾਂ ਅਤੇ ਉਪਦਿਸ਼ਾਵਾਂ ਵਿੱਚ ਪ੍ਰੇਮ ਰੂਪ ਹੋ ਕੇ ਫੈਲਿਆ ਹੋਇਆ ਹੈਂ।
You pervade in all the directions as love.

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥**
ਤੂੰ ਨਾਮ ਅਤੇ ਵਾਸ਼ਨਾ ਤੋਂ ਰਹਿਤ ਹੈਂ ਅਤੇ ਤੇਰਾ ਕੋਈ ਵਿਸ਼ੇਸ ਘਰ ਵੀ ਨਹੀਂ ਵੇਖਿਆ ਜਾਂਦਾ।
You are free from name and fragrance and you don't have any house of your own.
You are independent of names, desires and places.

**ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥**
ਤੇਰਾ ਸਰੂਪ ਭੂਤ ਕਾਲ ਵਿੱਚ ਸਾਰਿਆਂ ਦੇ ਮੰਨਣ ਯੋਗ ਸੀ, ਹੁਣ ਵੀ ਮੰਨਣ ਯੋਗ ਹੈ
ਅਤੇ ਭਵਿੱਖ ਵਿੱਚ ਸਾਰਿਆਂ ਦੇ ਮੰਨਣ ਯੋਗ ਹੋਵੇਗਾ।
Your essence was adorable for all in the past, it is and will remain adorable for ever.
You were, are and will be venerational for everyone.

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥**
ਤੇਰੀ ਇੱਕ ਮੂਰਤ ਦੇ ਅਨੇਕਾਂ ਦਰਸ਼ਨ-ਸ਼ਾਸਤ੍ਰਾਂ ਨੇ ਅਨੇਕਾਂ ਰੂਪ ਵਰਣਨ ਕੀਤੇ ਹਨ।
Numerous shastras and philosophies have described several forms of your one form.
Numerous philosphopies have described the 'One' You in numerous different forms.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**



# ਸਭਰਾਵਾਂ ਦੇ ਮੈਦਾਨ ਤੋਂ ਰੰਗੂਨ ਦੇ ਬੰਗਲੇ ਤੱਕ–

# ਬਾਬਾ ਦਰਬਾਰਾ ਸਿੰਘ ਰਾਇਪੁਰ

**ਸੁਵਰਨ ਸਿੰਘ ਵਿਰਕ**
**99963–71716**

ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿਚ ਆਰੰਭ ਹੋਣ ਵਾਲੀ ਕੂਕਾ ਲਹਿਰ ਨੇ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਦੇਸ਼ ਕੌਮ ਦੀ ਬੰਦ ਖਲਾਸੀ, ਦੀਨਾਂ ਦੁਖੀਆਂ ਦੀ ਬਾਂਹ ਫੜਨ ਲਈ, ਮਰਜੀਵੜਿਆਂ ਦੇ ਪੂਰਾਂ ਦੇ ਪੂਰ ਤਿਆਰ ਕਰ ਦਿੱਤੇ ਸਨ। ਕੂਕਾ ਲਹਿਰ ਵਿਚ ਸ਼ਾਮਲ ਹੋਣ ਵਾਲੇ ਉਦਾਸੀ, ਨਿਰਮਲੇ, ਨਿਹੰਗ, ਬੈਰਾਗੀ, ਗੁਲਾਬਦਾਸੀਏ, ਸੇਵਾ ਪੰਥੀਏ ਆਦਿ ਪੰਜਾਬ ਵਿਚ ਵਿਚਰਨ ਵਾਲੀਆਂ ਪ੍ਰਸਿੱਧ ਧਾਰਮਿਕ ਸੰਪਰਦਾਵਾਂ ਵਿਚੋਂ ਵੀ ਆਏ। ਭਾਈ ਬੀਰ ਸਿੰਘ ਜੀ ਨੌਰੰਗਾਬਾਦੀਏ ਅਤੇ ਉਹਨਾਂ ਦੇ ਉੱਤਰਾਅਧਿਕਾਰੀ, ਭਾਈ ਮਹਾਰਾਜ ਸਿੰਘ ਹੋਰਾਂ ਨਾਲ ਫਰੰਗੀਆਂ ਵਿਰੁੱਧ ਜੂਝਣ ਵਾਲਿਆਂ ਵਿਚੋਂ ਵੀ ਆਏ। ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚੋਂ ਵੀ ਆਏ ਅਤੇ ਸੰਨ ੧੮੫੭ ਦੇ ਵਿਦਰੋਹ ਸਮੇਂ, ਕੰਪਨੀ ਸਰਕਾਰ ਦਾ ਤਖ਼ਤਾ ਪਲਟਣ ਲਈ ਜੁੱਟੇ, ਸਰਗਰਮ ਸੈਨਿਕਾਂ ਵਿਚੋਂ ਵੀ ਆਏ। ਇਹਨਾਂ ਵਿਚੋਂ ਬਹੁਤ ਸਾਰੇ ਉਹ ਵੀ ਜਿਹਨਾਂ ਨੂੰ ਸਿੱਖ ਰਾਜ ਗੁਆਚਣ ਦਾ ਚੋਖਾ ਝੋਰਾ ਸੀ। ਜਿਹਨਾਂ ਨੇ ਅੰਗਰੇਜ਼ ਸਿੱਖ ਜੰਗਾਂ ਵਿਚ ਆਪਣਾ ਖ਼ੂਨ ਡੋਲ੍ਹਿਆ ਸੀ। ੧੦ ਫਰਵਰੀ ੧੮੪੬ ਈ. ਨੂੰ ਸਭਰਾਵਾਂ ਦੇ ਮੈਦਾਨ ਵਿਚ ਹੋਏ ਲਾਸਾਨੀ ਯੁੱਧ ਨੇ, ਜਿਸ ਵਿਚ ਬੁੱਢੇ ਜਰਨੈਲ ਸ. ਸ਼ਾਮ ਸਿੰਘ 'ਅਟਾਰੀ' ਨੇ ਬੰਨ੍ਹ ਸ਼ਸ਼ਤਰੀ ਜੋੜ ਵਿਛੋੜ ਸੁੱਟੇ" ਸਨ ਅਤੇ ਕਮਾਂਡਰ ਇਨ ਚੀਫ ਤੇਜਾ ਸਿੰਘ ਨੇ ਬੇੜੀਆਂ ਦਾ ਪੁਲ ਵੱਢ ਕੇ ਆਪਣੀ ਹੀ ਫੌਜ ਨੂੰ ਡੁੱਬਣ ਤੇ ਮਜ਼ਬੂਰ ਕੀਤਾ ਸੀ, ਬਕੌਲ ਕੌਮੀ ਕਵੀ ਸ਼ਾਹ ਮੁਹੰਮਦ :

"ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ, ਘਰੀਂ ਨੱਸ ਨਾ ਜਾਵੇ ਇਹ ਫੌਜ ਸਾਰੀ" ਇਸ ਯੁੱਧ ਵਿਚ ਸੂਰਮਗਤੀ ਵਿਖਾਉਣ ਵਾਲੇ ਅਤੇ ਆਪਣੇ ਨਾਲ ਦੇ ਸੈਨਿਕਾਂ ਨੂੰ ਆਪਣੇ ਘੋੜੇ ਦੀ ਮੱਦਦ ਨਾਲ, ਦਰਿਆ ਪਾਰ ਕਰਵਾਉਣ ਵਾਲੇ ਇਕ ਸਿੱਖ ਸੈਨਿਕ ਬਾਬਾ ਦਰਬਾਰਾ ਸਿੰਘ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦੇ ਪਾਤਰ ਬਣੇ। ਨਾਮਧਾਰੀ ਸਰੋਤਾਂ ਮੁਤਾਬਿਕ ੧੮੭੫ ਈ. ਵਿਚ ਰੰਗੂਨ ਜਾ ਕੇ, ਸਤਿਗੁਰੂ ਜੀ ਦਾ ਦਰਸ਼ਨ ਕਰਨ ਵਾਲੇ ਅਤੇ ਨਾਮਧਾਰੀ ਇਤਿਹਾਸ ਅਤੇ ਪੰਥ ਲਈ ਬਹੁਤ ਮਹੱਤਵਪੂਰਨ ਹੁਕਮਨਾਮਾ ਲਿਆਉਣ ਵਾਲੇ, ਬਾਬਾ ਦਰਬਾਰਾ ਸਿੰਘ ਹੀ ਸਨ। ਗੁਰੂ ਹਰੀ ਸਿੰਘ ਜੀ ਵਲੋਂ ਸਰਕਾਰੇ ਦਰਬਾਰੇ ਭੁਗਤਣ ਲਈ ਆਪ ਨੂੰ ਹੀ ਲਗਭਗ ੨੫ ਵਰ੍ਹੇ 'ਮੁਖਤਿਆਰੇ ਆਮ' ਦੀ ਸੇਵਾ ਵੀ ਬਖਸ਼ੀ ਗਈ ਸੀ।

ਬਾਬਾ ਦਰਬਾਰਾ ਸਿੰਘ, ਜ਼ਿਲ੍ਹਾ ਲੁਧਿਆਣਾ ਦੇ ਗਰੇਵਾਲ ਸਰਦਾਰਾਂ ਦੇ ਪ੍ਰਸਿੱਧ ਪਿੰਡ ਰਾਇਪੁਰ ਦਾ ਵਸਨੀਕ ਸੀ। ਅੰਗਰੇਜ਼ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਦੀ, ਜ਼ਿਲ੍ਹਾ ਪੁਲਿਸ ਕਪਤਾਨ ਦੁਆਰਾ ਜਿੰਦਰੇ ਵਿਚ ਰੱਖਣ ਵਾਲੀ ਗੁਪਤ ਸੂਚੀ ਵਿਚ ਦਰਜ ਇੰਦਰਾਜ ਮੁਤਾਬਿਕ, ਆਪ ਦੇ ਪਿਤਾ ਜੀ ਦਾ ਨਾਮ, ਮਹਿਤਾਬ ਸਿੰਘ ਸੀ। ਆਪ ਦਾ ਕਿੱਤਾ ਉੱਨ ਦੀਆਂ ਮਾਲਾਂ ਬਨਾਉਣੀਆਂ ਲਿਖਿਆ ਹੈ। ਇਸ ਸਮੇਂ (੧੮੮੧ ਈ.) ਭੈਣੀ ਸਾਹਿਬ ਵਿਚ ਨਿਵਾਸ ਰੱਖਦੇ ਸਨ। ਗੁਰੂ ਹਰੀ ਸਿੰਘ ਜੀ ਨੇ ਆਪ ਨੂੰ ਸੂਬਾ ਥਾਪਿਆ ਸੀ। ਰੰਗ ਪੱਕਾ, ਦਾਹੜਾ ਲੰਬਾ, ਮਜ਼ਬੂਤ ਜੁੱਸਾ, ਕੱਦ ਦਰਮਿਆਨਾ ਅਤੇ ਉਮਰ ਲਗਭਗ ੫੫ ਸਾਲ ਸੀ। ਵਿਸ਼ੇਸ਼ ਲੱਛਣਾਂ ਅਤੇ ਚਾਲ-ਚਲਨ ਵਾਲੇ ਖਾਨੇ ਵਿਚ ਇਹ ਇੰਦਰਾਜ ਹੈ : ਇਹ ਇਕ ਪ੍ਰਭਾਵਸ਼ਾਲੀ, ਛੇਤੀ ਭੜਕ ਪੈਣ ਵਾਲਾ ਅਤੇ ਬਹੁਤ ਕੱਟੜ ਕੂਕਾ ਹੈ। ਪਹਿਲਾਂ ਉਹ ਥਾਣਾ ਡੇਹਲੋਂ ਦੇ ਪਿੰਡ ਰਾਇਪੁਰ ਦਾ ਲੰਬੜਦਾਰ ਸੀ, ਪ੍ਰੰਤੂ ਉਹਨੇ ਆਪਣੇ ਧਰਮ ਦੀ ਲੋੜ ਵਾਸਤੇ, ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਦਿੱਤੀ ਸੀ। ਸਤੰਬਰ ੧੮੭੩ ਵਿਚ ੧੮੭੨ ਦੇ ਐਕਟ ਦੀ ਦਫਾ ੫੦੫ ਦੇ ਤਹਿਤ ਉਸ ਤੇ ਮੁਕੱਦਮਾ ਚਲਾਇਆ ਗਿਆ ਸੀ। ਦਿਸੰਬਰ ੧੮੭੫ ਵਿਚ ਉਸ ਤੋਂ ਇਕ ਹਜ਼ਾਰ ਰੁਪੈ ਦੀ ਜ਼ਮਾਨਤ ਮੰਗੀ ਗਈ ਸੀ।"[1]

ਬਾਬਾ ਜੀ ਦੇ ਇਕ ਸੁਚੱਜੇ ਘੋੜ ਸਵਾਰ ਹੋਣ ਅਤੇ ੧੮੪੫-੪੬ ਦੀਆਂ ਜੰਗਾਂ ਵਿਚ ਬਹਾਦਰੀ ਨਾਲ ਭਾਗ ਲੈਣ

ਤੋਂ ਮਾਲੂਮ ਹੁੰਦਾ ਹੈ ਕਿ ਰੀਕਾਰਡ ਵਿਚ ਆਪ ਦੀ ਉਮਰ ਕੁਝ ਘੱਟ ਲਿਖੀ ਗਈ ਹੈ ਸੋ ਕਿਸੇ ਵੀ ਤਰ੍ਹਾਂ ਆਪ ਦਾ ਜਨਮ ਵਰ੍ਹਾ ੧੮੨੦ ਈ. ਤੋਂ ਪਛੇਤਾ ਨਹੀਂ ਹੋ ਸਕਦਾ। ਆਪ ਨੇ ਅੰਤਿਮ ਸੁਆਸ, ਗੁਰੂ ਹਰੀ ਸਿੰਘ ਜੀ ਦੇ ਮਾਲਵੇ ਦੇ ਦੌਰੇ ਸਮੇਂ ਜਨਵਰੀ ੧੯੦੧ ਈ. ਵਿਚ ਲਏ। ਇਉਂ ਆਪ ਨੇ ੮੦-੮੧ ਵਰ੍ਹਿਆਂ ਦੀ ਲੰਮੀ ਉਮਰ ਭੋਗੀ ਅਤੇ ਇਸ ਦਾ ਵੱਡਾ ਹਿੱਸਾ, ਪਹਿਲਾਂ ਸਿੱਖ ਸੈਨਿਕ ਦੇ ਨਾਤੇ ਅਤੇ ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਚੱਲੇ, ਕੌਮੀ ਸੁਤੰਤਰਤਾ ਸੰਗਰਾਮ ਨੂੰ, ਸਰਫ ਕਰ ਦਿੱਤਾ। ਆਪ ਦੁਆਰਾ ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਦਾ ਸਮਾਂ ੧੮੬੦-੬੧ ਈ. ਦਾ ਮਾਲੂਮ ਹੁੰਦਾ ਹੈ। ਕਿਉਂਕਿ ਬਾਹੋਵਾਲ ਜੀ ਵਾਲੇ ਗਰੰਥ ਵਿਚ ਸਾਨੂੰ ਅੰਮ੍ਰਿਤਸਰ ੧੮੬੭ ਈ. ਦੀ ਦੀਵਾਲੀ ਸਮੇਂ ਆਪ ਦੇ ਸਤਿਗੁਰੂ ਜੀ ਨਾਲ ਨਿਕਟ ਸੰਬੰਧਾਂ ਦਾ ਆਭਾਸ ਹੁੰਦਾ ਹੈ ਅਤੇ ਇਹੋ ਜਿਹੇ ਸੰਬੰਧ ਇਕ ਦਿਨ ਵਿਚ ਤਾਂ ਨਹੀਂ ਬਣਦੇ ਕੁਝ ਵਕਤ ਲੱਗਦਾ ਹੈ। ਇਸ ਦੀਵਾਲੀ ਤੇ ਜਾਂਦੇ ਵਕਤ ਬਾਬਾ ਜੀ ਦੀ ਅਰਜ਼ ਤੇ ਸਤਿਗੁਰੂ ਜੀ ਨੇ ਸੰਗਤ ਦੇ ਵਿਸ਼ਾਲ ਸਮੂਹ ਸਮੇਤ ਆਪ ਦੇ ਨਗਰ ਵਿਖੇ ਦਰਸ਼ਨ ਦਿੱਤੇ। "ਬਾਬੇ ਦਰਬਾਰਾ ਸਿੰਘ ਨੇ ਅਰਜ਼ ਕਰੀ, 'ਜੀ ਰਾਇਪੁਰ ਦੇ ਵਿਚੋਂ ਦੀ ਦਰਸ਼ਨ ਦੇਂਦੇ ਜਾਓ। ਸੰਗਤ ਦੂਰ ਦੂਰ ਤੇ ਇਕੱਠੀ ਹੋਈ ਕਿ ਕਈ ਸਾਲ ਕੀ ਬੰਦਸ਼ ਹੋਈ ਹੋਈ ਐਤਕੀ ਮੇਲੇ ਕੋ ਭੀ ਛੁੱਟੀ ਮਿਲ ਗਈ ਹੈ। ਬੇਅੰਤ ਖ਼ਾਲਸਾ ਆਇਆ। ਛੁੱਟੀ ਕੀ ਸਾਰੇ ਦੇਸ ਮੇਂ ਖ਼ਬਰ ਹੋਇ ਗਈ।

"ਸਤਿਗੁਰੂ ਜੀ ਰਾਇਪੁਰ ਗਏ। ਬਹੁਤ ਖਰਚ ਹੋਣ ਲੱਗਾ। ਬਚਨ ਕੀਤਾ ਏਹ ਸ਼ਬਦ ਪੜੋ-ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ਸਿੰਘ ਏਹ ਸ਼ਬਦ ਪੜ੍ਹਦੇ ਰਹੇ। ਸਭ ਚੀਜ਼ ਮੈਂ ਬਰਕਤ ਪੈ ਜਾਇਆ ਕਰੇ। ਅਟੁੱਟ ਭੰਡਾਰਾ ਵਰਤਿਆ। ਰਾਇਪੁਰ ਮੈਂ ਦੀਵਾਨ ਲੱਗੇ। ਸਿੰਘਾਂ ਕੋ ਮਹਾਂ ਅਨੰਦ ਪ੍ਰਾਪਤ ਹੂਆ। ਤੁਰ ਪਏ ਅਰਦਾਸਾ ਕਰਕੇ, ਮੱਠਡੀਂ ਆਇ ਪੜਾਉ ਕੀਤਾ।'"[2]

ਦੀਪਮਾਲਾ ੧੮੬੭ ਈ. ਦੀ, ਨਾਮਧਾਰੀ ਇਤਿਹਾਸ ਵਿਚ ਬਹੁਤ ਮਹੱਤਤਾ ਹੈ। ਸਤਿਗੁਰੂ ਜੀ ਨਾਲ ਦਸ ਹਜ਼ਾਰ ਦੇ ਕਰੀਬ ਨਾਮਧਾਰੀ ਸੰਗਤ ਸੀ। ਬਹੁਤ ਸਾਰੇ ਖ਼ਾਲਸਾ ਰਾਜ ਦੇ ਦਰਬਾਰੀਆਂ ਅਤੇ ਸਰਦਾਰ ਘਰਾਣਿਆਂ ਦੇ ਮੁਖੀਆਂ ਨੇ, ਆਪ ਨੂੰ ਸਿਰ ਨਿਵਾ ਕੇ, ਆਪਣੇ ਲੋਕਾਂ ਦਾ ਜਨ ਕਲਿਆਣਕਾਰੀ, ਸੁਤੰਤਰ ਰਾਜ ਕਾਇਮ ਕਰਨ ਦੀ, ਆਪ ਦੀ ਭਾਵਨਾ ਦਾ ਸਤਿਕਾਰ ਕੀਤਾ। ਖ਼ਾਸ ਕਰਕੇ ਨਾਬਾਲਿਗ ਮਹਾਰਾਜਾ ਦਲੀਪ ਸਿੰਘ ਦਾ ਰਾਜ ਕਾਜ ਵੇਖਣ ਵਾਲੀ ਕੌਂਸਲ ਦੇ ਉਘੇ ਮੈਂਬਰ, ਸ. ਸ਼ਮਸ਼ੇਰ ਸਿੰਘ ਸੰਧਾ ਵਾਲੀਆ ਆਪਣੇ ਭਰਾਤਾ ਠਾਕੁਰ ਸਿੰਘ ਸਮੇਤ ਦਰਸ਼ਨਾਂ ਨੂੰ ਆਇਆ। ਉਸਨੇ, ਸਤਿਗੁਰੂ ਜੀ ਦੀ ਉਚੀ-ਸੁੱਚੀ ਸਿੱਖ ਰਹੁ ਰੀਤ ਵਿਚ ਮੀਨ-ਮੇਖ ਕੱਢਣ ਲਈ, ਅੰਮ੍ਰਿਤਸਰ ਦੇ ਪੁਜਾਰੀ ਭਾਈਚਾਰੇ ਨੂੰ ਵੀ ਖ਼ਰੀਆਂ-ਖ਼ਰੀਆਂ ਸੁਣਾਈਆਂ।[3] ਇੱਥੇ ਹੀ ਰਾਇ ਕੱਲੇ ਦੇ ਵੰਸ਼ਿਜ ਨੇ, ਜੋ ਸ੍ਰੀ ਸਾਹਿਬ (ਜਾਂ ਖੰਡਾ) ਉਸਦੇ ਵਡੇਰੇ ਨੂੰ ਆਪਣੇ ਮਾਲਵੇ ਦੇ ਇਤਿਹਾਸਕ ਸਫ਼ਰ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਸ਼ ਕੀਤਾ ਸੀ, ਸਤਿਗੁਰੂ ਜੀ ਦੇ ਅੱਗੇ ਭੇਟ ਕਰ ਦਿੱਤਾ। ਹਜ਼ੂਰ ਨੇ ਸਾਹਿਬਾਂ ਦੇ ਸ਼ਸਤਰ ਨੂੰ ਸੀਸ ਨਾਲ ਲਾ ਕੇ, ਲਿਆਉਣ ਵਾਲੇ ਨੂੰ ਕਿਹਾ ਕਿ ਜੇ ਤੁਸੀਂ ਇਸ ਨੂੰ ਮਰਿਆਦਾ ਪੂਰਵਕ ਆਪਣੇ ਪਾਸ ਨਹੀਂ ਰੱਖ ਸਕਦੇ ਤਾਂ ਸ੍ਰੀ ਅਨੰਦਪੁਰ ਸਾਹਿਬ ਤਖਤ ਕੇਸਗੜ੍ਹ ਸਾਹਿਬ ਵਿਖੇ, ਜਿੱਥੇ ਸਤਿਗੁਰੂ ਜੀ ਦੇ ਹੋਰ ਸ਼ਸ਼ਤਰ ਪਏ ਹਨ ਉੱਥੇ ਪੁਚਾ ਦਿਉ। ਆਮ ਲੋਕਾਂ ਦੇ ਦੂਹਰੇ ਕਿਰਦਾਰ ਤੋਂ ਕੁਝ ਚਿੰਤਾਤੁਰ ਹੋ ਕੇ, ਸਤਿਗੁਰੂ ਜੀ ਸਿੱਖਾਂ ਨੂੰ ਮਗਰ ਨਾ ਆਉਣ ਦੀ ਤਾੜਨਾ ਕਰਕੇ ਸੰਗਤ ਵਿਚੋਂ ਛੋਹਲੇ ਕਦਮੀਂ ਪਾਸੇ ਹੋ ਤੁਰੇ। ਇਸ ਸਮੇਂ ਦੋ ਪਰਮੁੱਖ ਸੂਬੇ ਬਾਬਾ ਜਵਾਹਰ ਸਿੰਘ ਅਤੇ ਸੂਬਾ ਸਾਹਿਬ ਸਿੰਘ ਅਤੇ ਤੀਜੇ ਬਾਬਾ ਦਰਬਾਰਾ ਸਿੰਘ ਜੀ ਵਿਸ਼ੇਸ਼ ਯਤਨਾਂ ਦੁਆਰਾ ਸਤਿਗੁਰੂ ਜੀ ਨੂੰ ਮਨਾਉਣ ਵਿਚ ਸਫ਼ਲ ਹੋਏ। ਗੁਰੂ ਜੀ ਬਚਨ ਕੀਤਾ ਮੈਂ ਤਾਂ ਚੱਲਦਾ ਹਾਂ ਪਰ ਮੇਰੇ ਚਰਨੀਂ ਹੱਥ ਨਾ ਲਾਓ। ਗਊਆਂ ਕਸਾਈਆਂ ਕੋ ਵੇਚਣ ਵਾਲੇ ਅਤੇ ਕੁੜੀਆਂ ਮਾਰਨ ਵਾਲੇ, ਕੁੜੀਆਂ ਕਾ ਪੈਸਾ ਲੈਣ ਵਾਲੇ ਇਹ ਮੇਰੇ ਚਰਨੀਂ ਹੱਥ ਕਿਉਂ ਲਾਉਂਦੇ ਹੈ ?[4]

੧੮੬੯ ਈ. ਦੀ ਵੈਸਾਖੀ ਤੇ ਵੀ ਸਤਿਗੁਰੂ ਜੀ ਨੇ ਫਿਰ ਸੰਗਤ ਸਮੇਤ, ਅੰਮ੍ਰਿਤਸਰ ਦਰਸ਼ਨ ਦਿੱਤੇ ਸਨ। ਵਾਪਸੀ ਤੇ ਆਪ ਰਾਤ ਚੌਗਾਵੇਂ ਪਿੰਡ ਵਿਚ ਰੁਕੇ। ਇਸ ਦੌਰੇ ਸਮੇਂ ਵੀ ਬਾਬਾ ਦਰਬਾਰਾ ਸਿੰਘ ਨਾਲ ਹੀ ਸੀ। ਇੱਥੇ ਸਤਿਗੁਰੂ ਜੀ ਨੇ, ਅੰਗਰੇਜ਼ ਸਰਕਾਰ ਵਿਰੁੱਧ ਵਿੱਢੇ ਆਪਣੇ ਫੈਸਲਾਕੁੰਨ ਘੋਲ ਦੇ ਮੰਤਕੀ ਨਤੀਜੇ ਨੂੰ ਸਾਹਮਣੇ ਰੱਖਦਿਆਂ ਅਤੇ ਉਸ ਸੂਰਤ ਵਿਚ ਆਪਣੇ ਅਨੁਆਈਆਂ ਨੂੰ ਧੀਰਜ ਬੰਨ੍ਹਾਉਣ ਲਈ, ਉਹਨਾਂ ਨੂੰ ਭਾਣੇ ਵਿਚ ਅਡੋਲ ਰਹਿਣ ਦਾ ਸੰਦੇਸ਼ ਵੀ ਬਾਬਾ ਦਰਬਾਰਾ ਸਿੰਘ ਦੀ ਮਾਰਫ਼ਤ ਹੀ ਦਿੰਦੇ ਹਨ। "ਖੁਸ਼ੀ ਸੇ ਰਾਤ ਕੋ ਬਚਨ ਕੀਤਾ ਬਾਬੇ ਦਰਬਾਰਾ ਸਿੰਘ ਕੋ ਕਿ ਮੈਨੂੰ ਫਰੰਗੀ ਜ਼ਰੂਰ ਹੱਥ ਪਾਵਣਗੇ। ਮੈਨੂੰ ਦੇਸਾਂ ਪ੍ਰਦੇਸਾਂ ਕੋ ਲੈ ਜਾਣਗੇ। ਮੈਨੂੰ ਮਰ ਗਿਆ ਲਿਖਣਗੇ ਪਰ ਤੁਸੀਂ ਨਹੀਂ ਮੰਨਣਾ ਕਿ ਮਰ ਗਿਆ ਹੈ। ਮੈਂ ਅਗਨੀ ਨਾਲ ਜਲਦਾ ਨਹੀਂ, ਪਾਣੀ ਵਿਚ ਡੁੱਬਦਾ ਨਹੀਂ, ਪੌਣ ਨਾਲ ਉਡਦਾ ਨਹੀਂ। ਮੈਂ ਏਹ

ਭੂਠੇ ਕਰਕੇ ਮਾਰਨੇ ਹਨ। ਤਦ ਆਵਾਂਗੇ ਜਦ ਸਾਰੀ ਪ੍ਰਿਥੀ ਨਿਰਾਸ ਹੋ ਜਾਵੇਗੀ। ਸਮਾਂ ਬਹੁਤ ਬੁਰਾ ਆਵੇਗਾ।"[5]

ਬਾਬਾ ਦਰਬਾਰ ਸਿੰਘ ਜੀ ਦੇ ਜੀਵਨ ਦੇ, ਸਤਿਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਅਤੇ ਬਾਅਦ ਦੇ ਵੇਰਵਿਆਂ ਦਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਵੀ ਕਾਫ਼ੀ ਵਰਣਨ ਮਿਲਦਾ ਹੈ। ਤਿੰਨ ਸੰਦਰਭਾਂ ਵਿਚ ਬਾਬਾ ਜੀ ਦਾ ਵੇਰਵਾ ਮਿਲਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਔਰਤ ਜਾਤੀ ਤੇ ਜੋ ਮਹਾਨ ਉਪਕਾਰ ਕੀਤੇ ਉਹਨਾਂ ਵਿਚ ਸ਼ਾਮਲ ਹੈ, ਜੰਮਦੀਆਂ ਲੜਕੀਆਂ ਨੂੰ ਮਾਰਨ ਦਾ ਕਲੰਕ, ਜੱਟ ਸਿੱਖ ਸਮਾਜ ਦੇ ਮੱਥੇ 'ਤੇ ਬਹੁਤ ਵੱਡਾ ਸੀ। ਜੱਟਾਂ ਵਿਚ ਵੀ ਸਰਹਾਲੀ ਗਿਰਦੇ ਦੇ ਸੰਧੂ ਅਤੇ ਰਾਇਪੁਰ ਦੁਆਲੇ ਦੇ ਗਰੇਵਾਲਾਂ ਤਾਂ ਆਪਣੇ ਪਿੰਡਾਂ ਵਿਚ ਲੜਕੀ ਨਾ ਬਚਣ ਦੇਣ ਦੀ ਜਿਵੇਂ ਸਹੁੰ ਖਾਧੀ ਹੋਵੇ। ਇਸੇ ਤਰ੍ਹਾਂ ਰਾਇਪੁਰ ਅਮਲੀਆਂ ਦਾ ਮਸ਼ਹੂਰ ਪਿੰਡ ਸੀ। ਸਤਿਗੁਰੂ ਜੀ ਨੇ ਆਪਣੇ ਨਸ਼ਾ ਮੁਕਤੀ ਅਭਿਆਨ ਦਾ ਸਿਖਰ ਵੀ ਰਾਇਪੁਰ ਵਿਚ ਵੇਖਿਆ, ਜਿੱਥੇ ਦਰਬਾਰ ਸਿੰਘ ਤੇ ਧੋਂਕਲ ਸਿੰਘ ਜਿਹੇ ਅਮਲੀਆਂ ਨੂੰ ਨਸ਼ੇ ਛੁਡਾ ਕੇ ਨਾਮ ਦੇ ਨਸ਼ੇ ਨਾਲ ਜੋੜ ਕੇ, ਵਡੇਰੇ ਜੀਵਨ ਮਨੋਰਥ ਦੇ ਲੜ ਲਾ ਦਿੱਤਾ। ਇਸੇ ਤਰ੍ਹਾਂ ਰੰਗੂਨ ਵਿਚ ਸਤਿਗੁਰੂ ਦਰਸ਼ਨਾਂ ਦਾ ਮੁੱਢ ਬੰਨ੍ਹਣ ਲਈ ਵੀ ਆਪ ਬਾਬਾ ਜੀ ਨੂੰ ਯਾਦ ਕਰਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਾਬਾ ਜੀ ਦੀ ਸੰਗਤ ਵੀ ਮਾਣੀ ਉਹਨਾਂ ਦੇ ਨਾਲ ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ ਇਕ ਘੋੜੇ ਦੀ ਸਵਾਰੀ ਕੀਤੀ ਅਤੇ ਬਾਬਾ ਜੀ ਦਾ ਦੇਹਾਂਤ ਵੀ ਆਪ ਦੇ ਸਾਹਵੇਂ ਹੀ ਹੋਇਆ। ਸਤਿਗੁਰੂ (ਪ੍ਰਤਾਪ ਸਿੰਘ) ਜੀ ਫੁਰਮਾਉਂਦੇ ਹਨ:-

"ਬਾਬੇ ਦਰਬਾਰਾ ਸਿੰਘ ਜੀ ਰਾਇਪੁਰ ਦੇ ਸਨ। ਮੈਂ ਉਹਨਾਂ ਦੇ ਦਰਸ਼ਨ ਰੱਜ ਕੇ ਕੀਤੇ ਹਨ। ਇਹ ਉਹ ਮਹਾਂਪੁਰਸ਼ ਹਨ, ਜਿਨ੍ਹਾਂ ਸਭ ਤੋਂ ਪਹਿਲਾਂ ਸਤਿਗੁਰਾਂ ਦਾ ਰੰਗੂਨ ਦਰਸ਼ਨ ਕੀਤਾ ਹੈ। ਮੈਨੂੰ ਉਹਨਾਂ ਨੇ ਆਪਣੀ ਜ਼ਬਾਨੀ ਗੱਲਾਂ ਸੁਣਾਈਆਂ। ਛੋਟਾ ਸਾਂ ਭਾਵੇਂ, ਘੋੜਿਆਂ ਤੇ ਚੜ੍ਹਣ ਦਾ ਉਹਨਾਂ ਨੂੰ ਵੀ ਸ਼ੌਕ ਸੀ, ਮੈਂ ਉਹਨਾਂ ਦੇ ਨਾਲ ਚੜ੍ਹਦਾ ਰਿਹਾ ਹਾਂ। ਮੇਰੀ ਗਿਆਰਾਂ ਸਾਲ ਦੀ ਉਮਰ ਸੀ, ਜਦੋਂ ਉਹਨਾਂ ਦਾ ਸਰੀਰ ਮੁਕਤਸਰ ਚੜ੍ਹਿਆ ਹੈ (ਸੰਨ) ੧੯੦੧ ਵਿਚ। ਉਹ ਆਂਹਦੇ ਸੀ, "ਮੇਰਾ ਇਹ ਹਾਲ ਸੀ-ਉਹਨਾਂ ਦਿਨਾਂ 'ਚ 'ਫੀਮ ਦੀ ਬੰਦਿਸ਼ ਨਹੀਂ ਸੀ-ਜਿਹੜੇ ਬੰਨੇ ਜੰਗਲ ਜਾਣਾ ਉਧਰ ਦਰਖਤਾਂ ਨੂੰ ਫ਼ੀਮ ਲਾ ਆਉਣੀ ਕਿ ਕੱਲ੍ਹ ਨੂੰ ਫਿਰ ਆਵਾਂਗੇ ਤੇ ਇਥੋਂ ਲਾਹ ਕੇ ਖਾਵਾਂਗੇ।" ਆਂਹਦੇ ਸੀ, "ਮੈਂ ਸ਼ਰਾਬ ਜਦੋਂ ਕੱਢਦਾ ਸਾਂ, ਪੰਜ-ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਮੈਂ ਲਾਹਣ 'ਚ ਪਾਉਂਦਾ ਹੁੰਦਾ ਸਾਂ, ਹੋਰ ਚੀਜ਼ਾਂ ਤੋਂ ਵੱਖਰਿਆ।" ਸਤਿਗੁਰਾਂ ਕੀਤੀ ਬਖਸ਼ਿਸ਼। ਡੱਬੀ ਸੁੱਟ ਦਿੱਤੀ, ਮੁੜ ਨਹੀਂ ਖਾਧੀ, ਮੁੜ ਨਹੀਂ ਪੀਤੀ, ਮੁੜ ਕੁਛ ਨਹੀਂ ਕੀਤਾ-ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ-ਇਹ ਸੁਖ ਦਿੱਤੇ।... ਰਾਏਪੁਰ ਦੀ ਮਸ਼ਹੂਰ ਗੱਲ ਸੀ ਕਿ ਰਾਏਪੁਰ ਦੇ ਤਾਂ ਖੋਤੇ ਭੀ ਅਮਲੀ ਹਨ, ਕਿਉਂਕਿ ਪੋਸਤ ਏਨਾ ਲੋਕ ਪੀਂਦੇ ਸਨ, ਟਿੰਡਾਂ ਗਲ 'ਚ ਪਾ ਕੇ ਰੱਖਦੇ ਹਰ ਵੇਲੇ ਪੋਸਤ ਦੀਆਂ, ਮਲ ਮਲ ਕੇ ਪੀਈ ਜਾਣਾ।[6] ਟਿੰਡਾਂ ਵਿਚੋਂ ਸੁੱਟਿਆ ਫੋਗ ਚੁੱਕ ਕੇ ਗਧੇ ਖਾ ਜਾਂਦੇ ਸਨ।

ਸ਼ਬਦ ਦੀ ਸ਼ਕਤੀ ਦਾ ਕਮਾਲ ਵਾਰਿਸ ਸ਼ਾਹ ਦੀ ਹੀਰ ਵਿਚ ਵੇਖਣ ਨੂੰ ਮਿਲਦਾ ਹੈ। ਜਦੋਂ ਬੇੜੀ ਵਿਚ ਆਪਣੀ ਸੇਜ ਤੇ ਸੁੱਤੇ ਰਾਂਝੇ ਨੂੰ ਵੇਖ ਕੇ, ਕ੍ਰੋਧਵਾਨ ਹੋਈ ਹੀਰ, ਉਸਨੂੰ ਛਮਕਾਂ ਮਾਰਨ ਆ ਰਹੀ ਹੈ ਤਾਂ ਰਾਂਝੇ ਦੇ ਮੁੱਖੋਂ ਨਿਕਲੇ ਦੋ ਸ਼ਬਦਾਂ ਨਾਲ ਹੀ ਗੱਲ ਬਣ ਗਈ ਸੀ :

"ਰਾਂਝੇ ਉਠ ਕੇ ਆਖਿਆ ਵਾਹ ਸੱਜਣ ! ਹੀਰ ਹੱਸ ਕੇ ਤੇ ਮਿਹਰਬਾਨ ਹੋਈ।"

ਇਉਂ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਵੀ, ਸਤਿਗੁਰੂ ਜੀ ਨੇ ਅਫੀਮ ਨਾ ਖਾਣ ਲਈ, ਇਉਂ ਆਦੇਸ਼ਾਤਮਕ ਸੁਰ ਵਿਚ ਜੋ ਬੋਲ ਉਚਾਰੇ ਸਨ, ਉਹਨਾਂ ਦਾ ਜਾਦੂਈ ਅਸਰ ਵਾਪਰ ਗਿਆ। ਪਰਿਵਰਤਨ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼ ਇਉਂ ਚਲਦਾ ਹੈ :-

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜਿਦਣ ਕਿਰਪਾ ਕਰੀ, ਸਤਿਗੁਰਾਂ ਕਿਹਾ, "ਸਿੱਟ ਦੇ ਦਰਬਾਰਾ ਸਿਹਾਂ ਡੱਬੀ।" ਉੱਥੇ ਹੀ ਸੁੱਟ ਦਿੱਤੀ ਮੁੜ ਕੇ ਨਹੀਂ ਦੇਖੀ।"[7]

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਰੰਗੂਨ ਵਿਚ ਜਾ ਕੇ ਜਲਾਵਤਨ ਸਤਿਗੁਰੂ ਜੀ ਤੋਂ ਹੁਕਮਨਾਮਾ ਪ੍ਰਾਪਤ ਕਰਨ ਵਿਚ ਪਹਿਲ ਕਰਨ ਸਦਕਾ, ਨਾਮਧਾਰੀ ਇਤਿਹਾਸ ਵਿਚ ਬਾਬਾ ਸੀ ਦਾ ਮੋਢੀਆਂ ਵਾਲਾ ਸਥਾਨ ਨਿਸ਼ਚਿਤ ਹੁੰਦਾ ਹੈ। ਆਪਣੇ ਦੇਸ਼ ਦੀ ਮਿੱਟੀ ਨਾਲ ਪ੍ਰੇਮ, ਉਹਨਾਂ ਦੇ ਖ਼ੂਨ ਵਿਚ ਰਚਿਆ ਸੀ। ਸਭਰਾਵਾਂ ਦੀ ਜੰਗ, ਵਰ੍ਹੇ ਬੀਤਣ ਬਾਅਦ ਵੀ ਉਹਨਾਂ ਦੇ ਦਿਲ ਦਿਮਾਗ ਨੂੰ ਕੁਰੇਦਦੀ ਰਹਿੰਦੀ ਸੀ ਕਿ ਜਿੱਤੀਆਂ ਫੌਜਾਂ ਕਿਵੇਂ ਆਗੂਆਂ ਦੀ ਗੱਦਾਰੀ ਕਰਕੇ, ਅੰਗਰੇਜ਼ਾਂ ਤੋਂ ਹਾਰ ਗਈਆਂ। ਵਿਦੇਸ਼ੀ ਹਾਕਮਾਂ ਤੋਂ ਆਪਣੀ ਧਰਤੀ ਨੂੰ ਮੁਕਤ ਕਰਾਉਣ ਦੀ ਲਾਲਸਾ ਤੋਂ ਉਹ ਤਾ ਜੀਵਨ ਮੁਕਤ ਨਹੀਂ ਹੋ ਸਕੇ। ਸਭਰਾਵਾਂ ਤੋਂ ਬਾਅਦ ਅਨੇਕਾਂ ਹੋਰ ਜੰਗਾਂ ਮੁਲਤਾਨ, ਚਿੱਲੀਆਂ ਵਾਲਾ, ਰਾਮਨਗਰ, ਗੁਜਰਾਤ ਆਦਿ ਦੇ ਭੇੜਾਂ ਬਾਅਦ, ਜਦੋਂ ੧੪ ਮਾਰਚ ੧੮੪੯ ਨੂੰ

ਰਾਵਲਪਿੰਡੀ ਵਿਚ ਗਿਲਬਰਟ ਦੇ ਸਾਹਮਣੇ ਸਿੱਖ ਸੈਨਿਕਾਂ ਨੇ ਆਪਣੇ ਹਥਿਆਰ ਰੱਖੇ ਤਾਂ ਇਸ ਸਮੇਂ ਵੀ ਭਾਵੇਂ ਉਹ ਭੁੱਖੇ ਅਤੇ ਥੱਕੇ ਹੋਏ ਸਨ, ਉਹਨਾਂ ਦੀ ਰੂਹ ਮੁਰਝਾਈ ਨਹੀਂ ਸੀ ਜਿਸਦਾ ਵੇਰਵਾ ਕਈ ਅੰਗਰੇਜ਼ ਸੈਨਿਕ ਅਧਿਕਾਰੀ ਆਪਣੀਆਂ ਲਿਖਤਾਂ ਵਿਚ ਕਰਦੇ ਸਨ। ਇਸ ਮੌਕੇ ਕਈਆਂ ਦੇ ਨੇਤਰਾਂ ਵਿਚੋਂ ਹਥਿਆਰਾਂ ਦੇ ਵਿਛੋੜੇ ਦੇ ਅੱਥਰੂ ਵੀ ਸਨ, ਕੁਝ ਕਹਿ ਰਹੇ ਸਨ : "ਰਣਜੀਤ ਸਿੰਘ ਅੱਜ ਮਰਿਆ ਹੈ। ਕਈਆਂ ਨੂੰ ਅੰਗਰੇਜ਼ ਸੈਨਿਕਾਂ ਨੇ ਪੁੱਛਿਆ, "ਕੀ ਤੁਸੀ ਥੱਕ ਚੁੱਕੇ ਹੋ। ਹੁਣ ਹੋਰ ਨਹੀਂ ਲੜਨਾ ਚਾਹੁੰਦੇ ?" ਉਹਨਾਂ ਦਾ ਜੁਆਬ ਸੀ ਅਸੀਂ ਕੋਈ ਥੱਕੇ ਨਹੀਂ, ਮੁੜ ਲੜਨਾ ਚਾਹੁੰਦੇ ਹਾਂ ਅਤੇ ਜੇ ਤੁਸੀਂ ਲੜਾਈ ਦੇ ਨੈਤਿਕ ਅਸੂਲਾਂ ਤੇ ਚੱਲੋ ਅਤੇ ਸਾਡੇ ਆਗੂ, ਖਰੀਦਣ ਵਰਗੀਆਂ ਹੇਰਾਫੇਰੀਆਂ ਨਾ ਕਰੋ ਤਾਂ ਅਸੀਂ ਤੁਹਾਨੂੰ ਭਾਂਜ ਦੇਣ ਦੇ ਅਜੇ ਵੀ ਸਮਰੱਥ ਹਾਂ।[8] ਲੜਨ ਦੀ ਇਸ ਜਿਊਂਦੀ ਭਾਵਨਾ ਵਾਲੇ ਸੈਨਿਕ ਹੀ, ਬਾਬਾ ਦਰਬਾਰਾ ਸਿੰਘ ਜਿਉਂ ਕੂਕਾ ਅੰਦੋਲਨ ਵਿਚ ਛੇਤੀ ਹੀ ਕੁੱਦ ਪਏ ਸਨ। ਸਭਰਾਵਾਂ ਦਾ ਸੈਨਿਕ ਹੋਣ ਨਾਤੇ, ਜਿਸ ਲੜਾਈ ਵਿਚ ਆਪ ਨੇ ਕਈ ਸੈਨਿਕ ਦਰਿਆ ਪਾਰ ਕਰਾਏ, ਅੰਗਰੇਜ਼ ਸਰਕਾਰ ਦੀ ਕਰੜੀ ਨਜ਼ਰ ਦੇ ਆਪ ਉਮਰ ਭਰ ਸ਼ਿਕਾਰ ਰਹੇ, ਇਸ ਲਈ ਆਪ ਨੂੰ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ। ਅਜਿਹੇ ਵਿਅਕਤੀ ਦਾ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦੇਸੋਂ ਬਾਹਰ ਜਾਣਾ ਜੋਖਮ ਵਾਲਾ ਕੰਮ ਸੀ। ਪਹਿਲਾਂ ਤਾਂ ਆਪ ਨੇ ਪੁਲੀਸ ਕਪਤਾਨ ਲੁਧਿਆਣਾ ਐਸ. ਪੀ. ਬਾਰਬਰਟਨ ਦੀ ਮੇਮ ਤੋਂ ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਸੂਹ ਕੱਢੀ ਅਤੇ ਫਿਰ ਉੱਥੇ ਕਿਵੇਂ ਪੁੱਜ ਕੇ ਦਰਸ਼ਨ ਕੀਤਾ, ਇਹ ਹਿਰਦੇ ਵੇਧਕ ਕਥਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਨਾਮਧਾਰੀ ਸੰਗਤਾਂ ਨੂੰ ਵਾਰ-ਵਾਰ ਸੁਣਨ ਨੂੰ ਮਿਲਦੀ ਰਹੀ ਹੈ:

"ਇਹਨਾਂ ਬਾਬਾ ਜੀ ਤੇ ਅਖੀਰ ਤੱਕ ਨਿਗਰਾਨੀ ਰਹੀ, ਕਿਉਂਕਿ ਇਹ ਅੰਗਰੇਜ਼ ਦੇ ਵਿਰੁੱਧ ਸਭਰਾਵਾਂ ਦੀ ਲੜਾਈ 'ਚ ਲੜੇ ਸਨ। ਮੈਨੂੰ ਵੀ ਹੋਸ਼ ਹੈ, ਜਦੋਂ ਇਹਨਾਂ ਦੀ ਪੁੱਛ ਗਿੱਛ ਵਾਸਤੇ ਫਿਰ ਵੀ ਆਉਂਦੇ ਜਾਂਦੇ ਰਹਿੰਦੇ ਸਨ, ਕਿਉਂ ਬਾਗੀਆਂ ਵਿਚੋਂ ਸਨ-ਇਹ ਮੈਨੂੰ ਉਹਨਾਂ ਦੱਸਿਆ ਸੀ, "ਬਈ ਤੇਰਾਂ ਆਦਮੀ ਅਸੀਂ-ਉਸ ਵੇਲੇ ਜਦੋਂ ਭਾਂਜ ਪਈ ਹੈ-ਆਪਣੇ ਘੋੜੇ ਨਾਲ ਪਾਰ ਲੰਘਾਏ ਸਨ। ਚੀਨਾ ਸਾਡਾ ਘੋੜਾ ਸੀ,... ਕਿਸੇ ਦੁਮਚੀ ਫੜ ਲਈ, ਕਿਸੇ ਪੂਛ ਫੜ ਲਈ, ਉਤੇ ਘੋੜੇ ਦੇ ਸਮਾਨ ਸੀ, ਕਿਸੇ ਤਾਹਰੂ ਫੜ ਲਿਆ, ਕਿਸੇ ਨੇ ਕੁਝ ਫੜ ਲਿਆ, ਡੁੱਬਦੇ ਹੋਏ ਤੇਰਾਂ ਆਦਮੀ ਪਾਰ ਕੀਤੇ ਸਨ।"

"ਇਹ ਗੁਰਦੁਆਰੇ ਭੈਣੀ ਸਾਹਿਬ ਰਹਿੰਦੇ ਸਨ। ਭੈਣੀ ਸਾਹਿਬ ਰਹਿੰਦਿਆਂ ਹੋਇਆਂ ਕੋਈ ਗੁਰਦੁਆਰੇ ਦਾ ਕੰਮ ਹੁੰਦਾ ਸੀ ਤਾਂ ਲੁਧਿਆਣੇ ਇਹ ਜਾਂਦੇ ਸਨ, ਸੱਦੇ ਬੁਲਾਏ ਜਾਂਦੇ ਸਨ। ਮੇਮ ਜਿਹੜੀ ਬਾਰ ਬਟਨ ਦੀ ਸੀ, ਉਹ ਕਹਿੰਦੀ ਹੈ ਇਹਨਾਂ ਨੂੰ ਗਿਆਂ ਨੂੰ, ਤੁਹਾਨੂੰ ਬਾਬਾ ਸਾਹਿਬ ਦਾ ਪਤਾ ਹੈ-ਬਾਬਾ ਰਾਮ ਸਿੰਘ ਜੀ ਕਿੱਥੇ ਹਨ, ਤੁਹਾਡੇ ਗੁਰੂ ?"

"ਤਾਂ ਬਾਬੇ ਹੋਰੀਂ ਆਖਣ ਲੱਗੇ," "ਸਾਨੂੰ ਤਾਂ ਕੋਈ ਪਤਾ ਨਹੀਂ ਮਹਾਰਾਜ।"

"ਬਾਰਬਟਨ ਉਹਨੂੰ ਘੂਰੇ," "ਤੂੰ ਕਿਉਂ ਦੱਸਦੀ ਹੈਂ।" ਉਹ ਕਹੇ, "ਕਿਆ ਹਰਜ ਹੈ, ਇਨ੍ਹਾਂ ਦੇ ਗੁਰੂ ਨੇ।"

"ਤਾਂ ਉਸਨੇ ਦੱਸਿਆ ਕਿ ਸਤਿਗੁਰੂ ਰੰਗੂਨ ਵਿਚ ਹਨ, ਇੱਥੋਂ ਕਲਕੱਤੇ ਜਾਈਦਾ ਹੈ, ਕਲਕੱਤਿਉਂ ਜਹਾਜ਼ ਜਾਂਦਾ ਹੈ, ਪੰਜਾਂ ਛਿਆਂ ਦਿਨਾਂ 'ਚ ਉਦੋਂ ਜਹਾਜ਼ ਆਉਂਦਾ ਸੀ, ਜਹਾਜ਼ ਤੋਂ ਉੱਤਰ ਕੇ ਫਲਾਣੇ ਪਾਸੇ, ਫਲਾਣੀ ਸੜਕ ਤੇ ਬੰਗਲਾ ਹੈ, ਤਿੰਨ ਸਾਲ ਬਾਅਦ ਇਹ ਪਤਾ ਲੱਗਾ।

"ਹੁਣ ਉਹਨਾਂ ਸਿੱਖਾਂ ਦੇ ਚਿਤ ਵਿਚ ਖਿੱਚ ਸੀ, ਉਨ੍ਹਾਂ ਨੂੰ ਉਹ ਕਿਵੇਂ ਗੱਲਾਂ ਭੁੱਲਦੀਆਂ ਸਨ। ਉਹ ਬਾਹਰ ਆ ਕੇ ਸਾਰੀ ਚੀਜ਼ ਨੋਟ ਕਰਕੇ ਆਏ ਭੈਣੀ ਸਾਹਿਬ, ਗੁਰੂ ਹਰੀ ਸਿੰਘ ਜੀ ਕੋਲ ਅਜੇ ਗੁਰੂ ਹਰੀ ਸਿੰਘ ਦਾ ਨਾਮ ਹਰੀ ਸਿੰਘ ਸਤਿਗੁਰਾਂ ਨਹੀਂ ਸੀ ਰੱਖਿਆ-ਆ ਕੇ ਦੱਸਿਆ। (ਗੁਰੂ ਹਰੀ ਸਿੰਘ ਜੀ) ਕਹਿਣ ਲੱਗੇ, "ਭਾਈ, ਫਿਰ ਤੂੰ ਹੀ ਜਾਹ, ਹੋਰ ਹੁਣ ਕੌਣ ਜਾਵੇ ਤੇ ਕਿਸ ਤਰ੍ਹਾਂ ਜਾਵੇ।"

"ਬਾਬਾ ਜੀ ਨੇ ਇਕ ਮਹੀਨੇ ਦੀ ਛੁੱਟੀ ਲਈ, ਭੈਣੀ ਸਾਹਿਬ 'ਚੋਂ ਤਾਂ ਨਿਕਲੇ। ਕਹਿੰਦੇ, "ਮੇਰਾ ਪੁੱਤਰ ਰਹਿੰਦਾ ਹੈ ਪਟਿਆਲੇ, ਉਹ ਨੌਕਰ ਹੈ, ਮੈਂ ਉਹਦੇ ਕੋਲ ਜਾਣਾ ਹੈ।"

"ਪਟਿਆਲੇ ਆ ਕੇ ਉਸਨੂੰ ਕਹਿ ਦਿੱਤਾ, "ਮੈਂ ਤਾਂ ਜਾਣਾ ਹੈ ਚਲਿਆਂ, ਜੇ ਕੋਈ ਪੁੱਛੇ ਤੂੰ ਕਹੀਂ ਕਿ ਅੰਦਰ ਬੈਠਾ ਭਜਨ ਕਰਦਾ ਰਹਿੰਦਾ ਹੈ, ਨਿਕਲਦਾ ਨਹੀਂ-ਬਾਹਰ, ਕਿਤੇ ਰਾਤ ਨੂੰ ਜੰਗਲ ਜਾਂਦੈ।"

"ਜਦੋਂ ਕੋਈ ਪੁੱਛਣ ਆਵੇ ਉਹਨੂੰ ਇਵੇਂ ਕਹਿ ਛੱਡਣਾ-ਜਿਸ ਤਰ੍ਹਾਂ ਸੁਭਾਸ਼ ਜੀ ਇਥੋਂ ਨਿਕਲੇ ਹਨ-ਪਤਾ ਕਿਸ ਤਰ੍ਹਾਂ ਹੋ ਸਕਦਾ ਸੀ। ਫਿਰ ਬਾਬਾ ਜੀ ਗਏ ਰੰਗੂਨ ਉਹਨਾਂ ਦਿਨਾਂ 'ਚ ਸੱਚੇ ਪਾਤਸ਼ਾਹ ਬੱਘੀ ਤੇ ਚੜ੍ਹ ਕੇ ਬਾਹਰ ਜਾਂਦੇ ਸਨ। ਦਰਸ਼ਨ ਕੀਤਾ। ਫਿਰ ਉਹਨਾਂ (ਸਤਿਗੁਰਾਂ) ਉਲਾਂਭਾ ਦਿੱਤਾ-ਮੌਜ ਦੇ ਮਾਲਕ ਹਨ- "ਕਿਸੇ ਦੀ ਵੱਛੀ ਗੁਆਚ ਜਾਏ, ਤੁਸਾਂ ਤਾਂ ਮੇਰਾ ਵੱਛੀ ਜਿੰਨਾ ਵੀ ਫ਼ਿਕਰ ਨਹੀਂ ਕੀਤਾ।" ਫਿਰ ਆਖਿਆ, "ਜੇ ਮੁਰਗੀ ਦਾ ਬੱਚਾ ਗੁਆਚ ਜਾਏ, ਤੁਸੀਂ ਮੇਰਾ ਓਨਾ ਫ਼ਿਕਰ (ਵੀ) ਨਹੀਂ ਕੀਤਾ।"

"ਬਾਬੇ ਹੁਰਾਂ ਹੱਥ ਜੋੜ ਕੇ ਅਰਜ਼ ਕੀਤੀ, "ਸੱਚੇ

ਪਾਤਸ਼ਾਹ, ਅਸੀਂ ਕੀ ਭਾਲ ਕਰ ਸੱਕਦੇ ਸਾਂ, ਸਾਨੂੰ ਤੇ ਹੁਣ ਵੀ ਕੋਈ ਪਤਾ ਨਹੀਂ ਸੀ ਲੱਗਦਾ, ਇਹ ਭੀ ਤੁਸਾਂ ਕਿਰਪਾ ਕੀਤੀ ਹੈ, ਉਹ ਮੇਮ ਦੇ ਅੰਦਰ ਵੱਸੇ ਹੋ ਤੇ ਸਾਨੂੰ ਪਤਾ ਲੱਗਾ ਹੈ।"

ਕਹਿਣ ਲੱਗੇ, "ਲੰਗਰ ਦਾ ਕੀ ਹਾਲ ਹੈ ?" ...

"ਤਾਂ, ਬਾਬਾ ਜੀ ਗਏ, ਸਤਿਗੁਰਾਂ ਪਹਿਲਾਂ ਲੰਗਰ ਦੀ ਗੱਲ ਪੁੱਛੀ, ਫਿਰ ਇਕ ਹੁਕਮਨਾਮਾ ਲਿਖ ਕੇ ਦਿੱਤਾ, ਕਿਉਂਕਿ ਹੁਕਮਨਾਮੇ ਸਾਡੇ ਕੋਲ ਸਾਰੇ ਨਹੀਂ। ਕਈਆਂ ਦਾ ਅੱਧ-ਅੱਧ ਸਾਨੂੰ ਮਿਲਿਐ, ਉਸ ਵੇਲੇ ਸੜ ਗਏ, ਅੰਗਰੇਜ਼ ਲੈ ਗਏ-ਉਹ ਹੁਕਮਨਾਮਾ ਜੀਹਦੇ 'ਚ ਲਿਖਿਆ ਸੀ, "ਇਸਦਾ ਨਾਉਂ ਅੱਜ ਤੋਂ ਹਰੀ ਸਿੰਘ ਰੱਖਿਆ ਹੈ, ਔਰ ਇਸਨੂੰ ਸਿਰ ਕਰਤਾ ਜਾਣਨਾ, ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ" ... ਕਹਿ ਦਿੱਤਾ, "ਮੇਰੀ ਜਗ੍ਹਾ ਇਹ ਹਰੀ ਰੱਖੇਗਾ- ਸਿੱਖੀ।"[9]

ਸੋ ਆਪਣੀ ਜਗ੍ਹਾ ਨਾਮਧਾਰੀ ਪੰਥ ਦੀ ਅਗਵਾਈ ਗੁਰੂ ਹਰੀ ਸਿੰਘ ਜੀ ਨੂੰ ਸੋ ਸਉਂਪਣ ਵਾਲਾ ਬਹੁਤ ਜ਼ਰੂਰੀ ਕਿਰਪਾ ਪੱਤਰ, ਕਿਸੇ ਬਾਬਾ ਦਰਬਾਰਾ ਸਿੰਘ ਜਿਹੇ, ਅਤਿ ਵਿਸ਼ਵਾਸੀ ਸਿੱਖ ਨੂੰ ਹੀ ਸਉਂਪਿਆ ਜਾ ਸਕਦਾ ਸੀ ਅਤੇ 'ਮੇਰੀ ਭਾਲ ਨਾ ਕਰਨ' ਵਾਲੇ ਰੋਸੇ ਵੀ ਉਹਨਾਂ ਲੋਕਾਂ 'ਤੇ ਹੀ ਕੀਤੇ ਜਾ ਸਕਦੇ ਸਨ, ਜਿਹਨਾਂ ਨਾਲ ਬੜੇ ਨਿਕਟ ਸੰਬੰਧ ਰਹੇ ਹੋਣ। ਬਾਬਾ ਜੀ ਨੇ ਨਾਮਧਾਰੀ ਪਹਿਰਾਵਾ, ਇਸ ਯਾਤਰਾ ਲਈ ਤਿਆਗ ਕੇ, ਆਪਣਾ ਸਰੂਪ ਬਦਲ ਲਿਆ ਸੀ ਕਿਉਂਕਿ ਨਾਮਧਾਰੀ ਬਾਣੇ ਵਾਲੇ ਕਿਸੇ ਸਿੱਖ ਨੂੰ ਤਾਂ ਸਤਿਗੁਰੂ ਜੀ ਦੇ ਪਹਿਰੇਦਾਰਾਂ ਨੇ ਨੇੜੇ ਨਹੀਂ ਸੀ ਫਟਕਣ ਦੇਣਾ। ਇਉਂ ਜੋ ੯੫ ਸਿੱਖ ਆਪ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ (੧੮੭੫ ਤੋਂ ੧੮੯੧ ਈ. ਤੱਕ) ਜਾਂਦੇ ਰਹੇ ਉਹਨਾਂ ਲਈ, ਮੋਢੀ ਪੈੜਾਂ ਪਾਉਣ ਦਾ ਕੰਮ ਵੀ, ਬਾਬਾ ਦਰਬਾਰਾ ਸਿੰਘ ਰਾਇਪੁਰੀਏ ਨੇ ਹੀ ਕੀਤਾ ਸੀ। ਬਾਬਾ ਦਰਬਾਰਾ ਸਿੰਘ ਜਨਵਰੀ ੧੮੭੫ ਵਿਚ, ਸਤਿਗੁਰੂ ਜੀ ਦੇ ਪਰਦੇਸ ਆਉਣ ਦੇ ਤਿੰਨ ਸਾਲ ਬਾਅਦ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਏ ਸਨ। ਸਤਿਗੁਰੂ ਜੀ ਨੇ ਬਹੁਤ ਸਾਰੇ ਬਚਨ ਬਿਲਾਸ ਆਪ ਨਾਲ ਕੀਤੇ ਪੰਜਾਬ ਦੀਆਂ ਸੰਗਤਾਂ, ਡੇਰਾ ਭੈਣੀ ਸਾਹਿਬ ਅਤੇ ਹੋਰ ਪਰਿਵਾਰਿਕ ਜੀਆਂ ਦਾ ਹਾਲ ਚਾਲ ਪੁੱਛਿਆ। ਕਈ ਨੀਤੀਗਤ ਬਚਨ ਵੀ ਸਾਂਝੇ ਕੀਤੇ ਅਤੇ "ਬਾਬੇ ਦਰਬਾਰਾ ਸਿੰਘ ਨੇ ਏਹ ਭੀ ਕਹਿਆ ਸਤਿਗੁਰੂ ਜੀ ਬਚਨ ਕਰਦੇ ਸੇ ਕਿ ਜਿਸਨੇ ਪਦਾਰਥ ਖਰਚ ਕਰਨਾ ਹੈ ਮੇਰੇ ਨਮਿੱਤ, ਸੋ ਹੁਣ ਕਰੇ, ਅਖੰਡ ਪਾਠ ਕਰਵਾਏ।"[10] ਇਸ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਵਿਚ ਵੀ ਲੰਗਰ ਦੇ ਹੇਠਾਂ ਬਣਾਏ ਭੋਰੇ ਵਿਚ, ਪੁਲੀਸ ਚੌਂਕੀ ਤੋਂ ਚੋਰੀ, ਲਗਾਤਾਰ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਪਿਆ। ਦੂਸਰੇ ਇਲਾਕਿਆਂ ਦੀ ਨਾਮਧਾਰੀ ਸੰਗਤ ਨੇ ਵੀ ਸਰਕਾਰ ਤੋਂ ਮਨਜ਼ੂਰੀ ਲੈ ਕੇ, ਇਹ ਅਖੰਡ ਪਾਠ ਕਰਵਾਉਣੇ ਸ਼ੁਰੂ ਕੀਤੇ। ਕਈ ਨਾਮਧਾਰੀ ਸਿੰਘਾਂ ਜਿਹਨਾਂ ਨੇ ਅਖੰਡ ਪਾਠ ਕਰਵਾਏ, ਗ਼ੈਰ ਕਾਨੂੰਨੀ ਸਭਾ ਦਾ ਦੋਸ਼ ਲਾ ਕੇ ਗ੍ਰਿਫਤਾਰ ਕੀਤੇ ਗਏ। ਪਾਠੀ, ਧੂਪੀਏ, ਪਹਿਰੂਏ, ਲਾਂਗਰੀ ਅਤੇ ਇਸ ਮੌਕੇ ਹਾਜ਼ਰ ਸੰਗਤ ਤੱਕ ਦੇ ਚਲਾਣ ਕਰ ਦਿੱਤੇ ਜਾਂਦੇ ਸਨ। ਸੋ ਇਹ ਬਾਬੇ ਦਰਬਾਰਾ ਸਿੰਘ ਹੱਥ ਆਇਆ ਨਾਮਧਾਰੀ ਸੰਗਤ ਦੇ ਨਾਮ ਇਹ ਹੁਕਮ ਕਿ ਮੇਰੇ ਨਮਿਤ ਅਖੰਡ ਪਾਠ ਕਰਵਾਉ ਤਾਂ ਕਿ ਬੰਦੀਖਾਨੇ ਦੀ ਬੰਦ ਖਲਾਸ ਹੋਵੇ, ਗਊ ਗਰੀਬ ਦੇ ਗਲੋਂ ਛੁਰੀ ਉਤਰੇ, ਧਰਤੀ ਤੇ ਧਰਮ ਵਰਤੇ ਭਾਵ ਕੋਈ ਉੜਿਆ ਥੁੜਿਆ ਨਾ ਰਹੇ, ਇਸ ਪ੍ਰਥਾਇ ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਅਤੇ ਅਖੰਡ ਪਾਠਾਂ ਦੇ ਭੋਗ ਪੁਆ ਕੇ, ਨਾਮਧਾਰੀਆਂ ਨੇ ਉਪਰੋਕਤ ਹੁਕਮਾਂ ਤੇ ਹੀ ਫੁੱਲ ਚੜ੍ਹਾਏ ਹਨ ਅਤੇ ਵਰਤਮਾਨ ਸਤਿਗੁਰੂ ਜੀ ਦੇ ਪਹਿਰੇ ਵਿਚ ਲਗਾਤਾਰ ਇਸ ਨੂੰ ਆਪਣੀ ਧਾਰਮਿਕ ਜ਼ਿੰਮੇਵਾਰੀ ਸਮਝ ਕੇ ਨਿਬਾਹ ਰਹੇ ਹਨ। ਬੜੇ ਸਪੱਸ਼ਟ ਸ਼ਬਦਾਂ ਵਿਚ ਸਤਿਗੁਰੂ ਜੀ ਦੇ ਇਸ ਆਦੇਸ਼ ਦਾ ਵਰਣਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਇਉਂ ਦਰਜ਼ ਹੈ :-

"ਮੈਂ ਹੁਣ ਏਨੀ ਅਰਜ਼ ਕਰਨੀ ਹੈ ਕਿ ਸਤਿਗੁਰਾਂ ਨੇ ਹੁਕਮ ਦਿੱਤਾ ਸੀ-ਜਿਸ ਵੇਲੇ ਪਰਦੇਸ ਗਏ, ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਕਿਹਾ-ਕਿ ਜਿਹੜੇ ਓਦੋਂ ਕਹਿੰਦੇ ਸੀ ਕਿ ਸਾਡਾ ਸਰਬੰਸ ਤੁਹਾਡੇ ਨਮਿੱਤ ਲੱਗੇ, ਉਸ ਹੁਣ ਸਾਡੇ ਨਮਿਤ ਪਾਠ ਭੋਗ ਕਰਾਉਣ।"[11]

ਹੁਣ ਕਿਉਂਕਿ ਬਾਬਾ ਦਰਬਾਰਾ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਟਿਕੇ ਹੋਏ ਸਨ ਅਤੇ ਡੇਰੇ ਦਾ ਕਾਰ ਵਿਹਾਰ ਵੇਖਣ ਲਈ ਅਧਿਕਾਰੀਆਂ ਪਾਸ ਵੀ ਜਾਂਦੇ ਅਤੇ ਜਦੋਂ ਗੁਰੂ ਹਰੀ ਸਿੰਘ ਜੀ ਨੂੰ ਸਾਲ ਵਿਚੋਂ ਇਕ ਦੋ ਮਹੀਨੇ ਛੁੱਟੀ ਦੌਰਾ ਕਰਨ ਦੀ ਮਿਲਦੀ, ਬਾਬਾ ਜੀ ਆਪ ਦੇ ਨਾਲ ਦੌਰੇ 'ਤੇ ਵੀ ਚੜ੍ਹਦੇ ਸਨ। ੧੮੯੩ ਈ. ਦੀ ਦੀਪਮਾਲਾ ਤੇ ਗੁਰੂ ਹਰੀ ਸਿੰਘ ਜੀ ਨੇ ਛੁੱਟੀ ਲੈ ਕੇ ਅੰਮ੍ਰਿਤਸਰ ਦਰਸ਼ਨ ਦਿੱਤੇ, ਦੋ ਮਹੀਨੇ ਦੀ ਛੁੱਟੀ ਸੀ। ਪ੍ਰੰਤੂ ਗੁਰੂ ਹਰੀ ਸਿੰਘ ਜੀ ਨੂੰ ਛੁੱਟੀ ਦੀਵਾਲੀ ਸਮਾਪਤ ਹੋਣ ਤੋਂ ਬਾਅਦ ਅੰਮ੍ਰਿਤਸਰ ਜਾਣ ਦੀ ਮਿਲਦੀ ਸੀ ਜਾਂ ਮਾਘੀ ਮੁੱਕਣ ਬਾਅਦ ਮੁਕਤਸਰ ਜਾਣ ਦੀ। ਕਾਰਨ ਸੀ ਕਿ ਮੇਲੇ ਦੀ ਭੀੜ ਭਾੜ ਨਾਲ ਆਪਦਾ ਰਾਬਤਾ ਨਾ ਜੁੜੇ ਦਰਬਾਰਾ ਸਿੰਘ, ਦਾਨ ਸਿੰਘ ਦੋਹਾਂ ਮੁਖਤਿਆਰਾਂ ਨਾਲ ਦੀਵਾਲੀ ਤੋਂ ਬਾਅਦ ਗੁਰੂ ਜੀ ਸਿਆਲਕੋਟ ਦੇ ਜ਼ਿਲ੍ਹੇ ਵਿਚ ਪੁੱਜ ਗਏ। ਹੁਣ ਇੱਥੇ ਪੁਲੀਸ ਕਪਤਾਨ ਲੁਧਿਆਣੇ

ਵਾਲਾ ਬਾਰਬਰਟਨ ਹੀ ਸੀ, ਜਿਸ ਦੀ ਮਾਂ ਕਸ਼ਮੀਰਨ ਤੇ ਪਿਓ ਅੰਗਰੇਜ਼ ਸੀ-ਐਂਗਲੋ ਇੰਡੀਅਨ ਸੀ। ਪਰ ਕੂਕਿਆਂ ਨੂੰ ਤਾਂ ਇਹ ਜਿਵੇਂ ਜਮ ਹੋ ਕੇ ਟੱਕਰਿਆ ਸੀ। ਇਸ ਹੀ ਸਰਕਾਰ ਨੂੰ ਇਹ ਸਿਫਾਰਸ਼ ਕੀਤੀ ਸੀ ਕਿ ਗੁਰੂ ਰਾਮ ਸਿੰਘ ਜੀ ਦੇ ਰੰਗੂਨ ਦਰਸ਼ਨ ਕਰਨ ਜਾਣ ਅਤੇ ਹੁਕਮਨਾਮੇ ਲਿਆਉਣ ਵਾਲੇ ਨਾਮਧਾਰੀਆਂ ਦੀਆਂ ਜਾਇਦਾਦਾਂ ਜ਼ਬਤ ਕਰ ਕੇ, ਉਹਨਾਂ ਸਾਰਿਆਂ ਨੂੰ ਵੀ ਦੇਸ ਨਿਕਾਲਾ ਦੇ ਦੇਣਾ ਚਾਹੀਦਾ ਹੈ।[12] ਹੁਣ ਬਾਰਬਟਨ ਨੇ ਜੋ ਸਿਆਲਕੋਟ ਵਿਚ ਸਤਿਗੁਰੂ ਜੀ ਦਾ ਗੁਜਰਾਂਵਾਲੇ ਤੋਂ ਬਾਅਦ ਆਉਣ ਦਾ ਹੁਕਮ ਸੀ, ਉਸਦੀ ਉਲੰਘਣਾ ਦੇ ਦੋਸ਼ ਹੇਠ ਆਪ ਨੂੰ ਵਾਪਸ ਭੈਣੀ ਸਾਹਿਬ, ਬਿਨਾਂ ਦੌਰਾ ਕੀਤਿਆਂ ਭੇਜ ਦਿੱਤਾ। "ਗੁਰੂ ਜੀ ਗਏ ਸਿਆਲਕੋਟ। ਨਾਲ ਦਰਬਾਰਾ ਸਿੰਘ ਦਾਨ ਸਿੰਘ ਹੈਂ। ਬਟਨ ਨੇ ਕਿਹਾ ਕਿ ਮੇਰੇ ਇਲਾਕੇ ਔਣੇ ਕਾ ਪਾਛੇ ਹੁਕਮ ਥਾ ਤੁਸੀਂ ਪਹਿਲੇ ਕਿਉਂ ਆਏ ਹੋ ? ਗੁਰੂ ਮਹਾਰਾਜ ਜੀ ਬਚਨ ਕੀਤਾ ਸਿੰਘ ਲੈ ਆਏ ਹੈ ਤਾਂ ਆਇ ਗਏ। ਬਟਨ ਨੇ ਉਥੋਂ ਹੀ ਗੁਰੂ ਜੀ ਕੋ ਰਾਮਦਾਸਪੁਰੇ ਨੂੰ ਭੇਜ ਦਿੱਤਾ।"[13]

ਇਸੇ ਤਰ੍ਹਾਂ ੧੯੯੪ ਈ. ਦੀ ਜਨਵਰੀ ਵਿਚ ਮਾਘੀ ਤੋਂ ਬਾਅਦ ਗੁਰੂ ਜੀ ਨੇ ਮੁਕਤਸਰ ਦਰਸ਼ਨ ਦੇਣੇ ਸਨ। ਇਹ ਮਾਲਵੇ ਦਾ ਕਾਫ਼ੀ ਲੰਮਾ ਦੌਰਾ ਸੀ। ਬਾਬਾ ਦਰਬਾਰਾ ਸਿੰਘ ਹੱਥ ਦਾ ਸਖੀ ਸੀ ਅਤੇ ਸੰਗਤ ਨੂੰ ਪਦਾਰਥ ਖੁੱਲ੍ਹਾ ਵਰਤਾਉਣ ਵਿਚ ਭਰੋਸਾ ਰੱਖਦਾ ਸੀ ਅਤੇ ਪਦਾਰਥ ਵੀ ਜੇ ਗੁੜ ਹੋਵੇ ਤੇ ਬਾਬਾ, ਸਿੰਘਾਂ ਦਾ ਦੰਦੋੜੱਕਾ ਵੱਜਦਾ ਕਿਉਂ ਵੇਖੇ ? ਬਾਹੋਵਾਲ ਜੀ ਲਿਖਦੇ ਹਨ :-

"ਗੁਰੂ ਮਹਾਰਾਜ ਜੀ ਰਾਮਦਾਸਪੁਰੇ ਤੋਂ ਲੋਹਗੜ੍ਹ, ਗੁੱਜਰਵਾਲ, ਖੰਜਰਵਾਲ, ਛੱਜਾਵਾਲ, ਰੂਮੀ, ਬੋਪਾਰਾਇ, ਗਹਿਲ, ਬਿਲਾਸਪੁਰ, ਤਖਤੂਪੁਰਾ, ਖੋਟੇ, ਰੋਡੇ ਆਦਿ ਨਗਰਾਂ ਵਿਚੋਂ ਹੁੰਦੇ ਹੋਏ ਮੁਕਤਸਰ ਮਾਘੀ ਤੇ ਪਹੁੰਚੇ।"

"ਮੁਕਤਸਰ ਬੁਰਜ ਮੈਂ ਬਾਵੇ ਕੇ ਡੇਢ ਭੇਲੀ ਸੀ ਗੁੜ ਦੀ। ਬਾਬਾ ਦਰਬਾਰਾ ਸਿੰਘ ਖੁਲ੍ਹਾ ਬਰਤਾਵਣ ਲੱਗਾ। ਬਾਵੇ ਨੇ ਅਰਜ਼ ਕੀਤੀ ਜੀ ਡੇਢ ਭੇਲੀ ਹੈ ਬਹੁਤ ਖੁੱਲ੍ਹਾ ਬਰਤਾਂਵਦਾ ਹੈ। ਗੁਰੂ ਜੀ ਬਚਨ ਕੀਤਾ ਬਾਵਾ ਕਹਿੰਦਾ ਹੈ ਏਹੀ ਡੇਢ ਭੇਲੀ ਹੈ। ਬਾਬੇ ਦਰਬਾਰਾ ਸਿੰਘ ਨੇ ਕਹਾ ਕਿ ਬਾਵੇ ਦੇ ਤਾਂ ਡੇਢ ਭੇਲੀ ਹੈ, ਤੁਹਾਡੇ ਘਰ ਤਾਂ ਕੁਝ ਪ੍ਰਵਾਹ ਨਹੀਂ ਹੈ। ਉਸੀ ਡੇਢ ਭੇਲੀ ਸੇ ਸਾਰੀ ਸੰਗਤ ਕੋ ਸਰ ਗਿਆ। ਸਗੋਂ ਬਚ ਭੀ ਗਿਆ।"

"ਮੁਕਤਸਰ ਸੇ ਰੁਪਾਣੇ, ਤਾਮਕੋਟ, ਫੂਲੇਵਾਲ, ਡਬਲੇ, ਲੱਕੜਵਾਲੀ, ਗੁਰੂ ਸਰ, ਜੰਡ ਵਾਲੇ, ਫੇਰ (ਮਾਈਸਰ) ਖਾਨੇ ਤੋਂ ਭਾਈ ਬਖਤੌਰ, ਥਰਾਜ (ਹੁਣ ਜ਼ਿਲ੍ਹਾ ਸਿਰਸਾ- ਹਰਿਆਣਾ), ਨੰਗਲੇ, ਫਤੇਗੜ੍ਹ, ਲੱਲੂਵਾਲਾ, ਭਿਖੀ, ਉਚੇ, ਚਰਨ ਪਾਉਂਦੇ ਰਾਇਸਰ ਲੋਹਟਬੱਦੀ, ਸਿਆੜ, ਖਟੜੀ, ਖਟੜਿਆਂ ਤੋਂ ਰਾਮਦਾਸਪੁਰੇ ਨੂੰ ਆਏ।"[14]

ਸੰਨ ੧੯੯੮ ਵਿਚ ਫਿਰ ਗੁਰੂ ਹਰੀ ਸਿੰਘ ਜੀ ਨੇ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਭੇਜਿਆ ਕਿ ਜਾਉ ਪੱਛਮੀ ਤੇ ਕੇਂਦਰੀ ਪੰਜਾਬ ਦੇ ਦੌਰੇ ਦੀ ਮਨਜ਼ੂਰੀ ਲੈ ਕੇ ਆਵੋ। ਪਹਿਲਾਂ ਤਾਂ ਉਹ ਅਧਿਕਾਰੀ ਪਿਛਲੇ ਛੁੱਟੀ ਦੇ ਸਮੇਂ ਵਿਚ, ਨਿਮਾਣੀ ਦਾ ਮੇਲਾ ਕਰਨ ਤੇ ਲੋਹਾ ਲਾਖਾ ਹੁੰਦਾ ਰਿਹਾ। ਫਿਰ ਜਦੋਂ ਬਾਬਾ ਜੀ ਡੇਰੇ ਆ ਗਏ ਤਾਂ ਉਸਨੇ ਤਿੰਨ ਮਹੀਨਿਆਂ ਦੀ ਛੁੱਟੀ ਦਾ ਹੁਕਮ ਦੇ ਭੇਜਿਆ, ਜਿਹਨਾਂ ਵਿਚ ਪੰਜ ਜ਼ਿਲਿਆਂ, ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਅਤੇ ਝੰਗ ਸ਼ਾਮਲ ਸਨ। ਫਿਰ ਕਿਹੜੇ ਜ਼ਿਲ੍ਹੇ ਵਿਚ ਪਹਿਲੋਂ ਤੇ ਕਿਹੜੇ ਵਿਚ ਪਿਛੋਂ ਜਾਣ ਦਾ ਰੇੜਕਾ ਪਾ ਕੇ, ਲੁਧਿਆਣਾ ਦੇ ਹਾਕਮਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਤੁਰੰਤ ਦੌਰਾ ਬੰਦ ਕਰਕੇ, ਲੁਧਿਆਣੇ ਆਉਣ ਦਾ ਪਰਵਾਨਾ ਭੇਜਿਆ। ਆਪ ਨੇ ਬਾਬਾ ਦਰਬਾਰਾ ਸਿੰਘ, ਦਾਨ ਸਿੰਘ ਅਤੇ ਨਰਾਇਣ ਸਿੰਘ ਰੋਡਿਆਂ ਵਾਲੇ ਨੂੰ ਭੇਜਿਆ। ਬਾਬੇ ਹੋਰਾਂ ਨੇ ਮਨਜ਼ੂਰੀ ਵਾਲਾ ਕਾਗਜ਼ ਉਸਨੂੰ ਵਿਖਾ ਕੇ ਸ਼ਰਮਿੰਦਾ ਕੀਤਾ ਪਰ ਗੁਰੂ ਹਰੀ ਸਿੰਘ ਜੀ ਨੇ ਵੀਹ ਦਿਨ ਦੀ ਛੁੱਟੀ ਰਹਿੰਦਿਆਂ ਵੀ ਦੌਰਾ ਮੁਕਾ ਕੇ ਭੈਣੀ ਸਾਹਿਬ ਵਾਪਸੀ ਕਰ ਲਈ।[15]

ਪੁਲੀਸ ਚੌਕੀ ਦੀ ਗਾਰਦ ਸਿੰਘਾਂ ਨੂੰ, ਜੋ ਦਰਸ਼ਨਾਂ ਲਈ ਆਉਂਦੇ ਸਨ ਤੰਗ ਵੀ ਕਰਦੀ ਸੀ। ਡੇਰੇ ਵਿਚ ਰਹਿਣ ਵਾਲਿਆਂ ਨੂੰ ਵੀ ਪਰੇਸ਼ਾਨ ਕਰਦੀ ਸੀ ਅਤੇ ਡੇਰੇ ਵਾਲਿਆਂ ਤੋਂ ਚੰਗੇ ਪਦਾਰਥ ਲੈਣ ਦੀ ਆਸ ਵੀ ਰੱਖਦੇ ਸਨ। ਜਦੋਂ ਗੁਰੂ ਹਰੀ ਸਿੰਘ ਜੀ ਨੇ, ਸਿੰਘਾਂ ਨੂੰ ਕਹਿ ਕੇ ਪੁਲੀਸ ਵਾਲਿਆਂ ਦੀਆਂ ਅਜਿਹੀਆਂ ਵਗਾਰਾਂ ਬੰਦ ਕਰਵਾ ਦਿੱਤੀਆਂ ਤਾਂ ਉਹਨਾਂ ਡਿਓੜੀ ਦੇ ਬੂਹੇ ਅੱਗੇ ਝਾੜੂ ਦੇਣ ਦੀ ਸੇਵਾ (ਜੋ ਇਤਿਹਾਸ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਕਰਦਾ ਸੀ) ਬੰਦ ਕਰਵਾ ਦਿੱਤੀ। ਬੂਹੇ ਅੱਗੇ ਕੂੜੇ ਦੇ ਢੇਰ ਲੱਗ ਗਏ। ਫਿਰ ਬਾਬਾ ਦਰਬਾਰਾ ਸਿੰਘ ਹੋਰਾਂ ਨੂੰ ਹੀ ਪੁਲੀਸ ਵਾਲਿਆਂ ਨੂੰ ਨਰਮੀ ਵਰਤਣ ਲਈ ਆਖਣਾ ਪਿਆ। ਕੁਝ ਤੇਲ ਤਮ੍ਹਾਂ ਦੇ ਕੇ ਫਿਰ ਇਹਨਾਂ ਕਰਮਚਾਰੀਆਂ ਨੂੰ ਰਾਜੀ ਕੀਤਾ ਗਿਆ।[16] ਇਹੋ ਜਹੀਆਂ ਮੁਸੀਬਤਾਂ ਦੇ ਦੌਰ ਵਿਚ ਗੁਰੂ ਹਰੀ ਸਿੰਘ, ਉਹਨਾਂ ਦੇ ਆਗੂ ਸਿੰਘਾਂ ਤੇ ਹੋਰ ਨਾਮਧਾਰੀ ਸੰਗਤ ਨੂੰ ਲੰਘਣਾ ਪੈਂਦਾ ਸੀ।

੧੯੦੧ ਈ. ਵਿਚ ਮੁੜ ਗੁਰੂ ਹਰੀ ਸਿੰਘ ਜੀ, ਲਾਹੌਰ ਅਤੇ ਅੰਮ੍ਰਿਤਸਰ ਦੇ ਦੌਰੇ 'ਤੇ ਆਏ। ਅੰਮ੍ਰਿਤਸਰ ਦੇ ਦੌਰੇ ਵਿਚ, ਸਤਿਗੁਰੂ ਜੀ ਨੂੰ ਸੰਗਤ ਨੇ ਬੇਨਤੀ ਕੀਤੀ ਕਿ

ਸਤਿਗੁਰੂ ਰਾਮ ਸਿੰਘ ਜੀ ਨੂੰ, ਸਾਥੋਂ ਵਿਛੋੜਿਆਂ ੨੯ ਸਾਲ ਹੋ ਗਏ ਹਨ। ਉਹਨਾਂ ਦੇ ਬਾਰੇ ਸਰਕਾਰ ਤੋਂ ਪੁੱਛ ਗਿੱਛ ਕਰਨੀ ਚਾਹੀਦੀ ਹੈ ਕਿ ਉਹਨਾਂ ਨੂੰ ਕਿੱਥੇ ਡੱਕ ਛੱਡਿਆ ਹੈ ? ਗੁਰੂ ਹਰੀ ਸਿੰਘ ਜੀ ਨੇ ਸਿੰਘਾਂ ਨੂੰ ਕਿਹਾ ਕਿ ਦਰਬਾਰਾ ਸਿੰਘ, ਨਰਾਇਣ ਸਿੰਘ ਨਾਲ ਰਾਇ ਕਰਕੇ ਅਰਜ਼ੀ ਪਾ ਦਿਉ। ਦੱਸਣਾ ਇਹਨਾਂ ਸਾਨੂੰ ਕੁਝ ਨਹੀਂ। ਪਰ ਚਲੋ ਝੂਠੇ ਕਰਕੇ ਮਾਰ ਲਵੋ। ਤੇ ਇਉਂ ਹੀ ਹੋਇਆ।[17]

੧੯੦੦ ਈ. ਦੀ ਦੀਵਾਲੀ ਤੋਂ ਬਾਦ ਮਾਝੇ ਦਾ ਦੌਰਾ ਕਰਦੇ ਹੋਏ, ਗੁਰੂ ਹਰੀ ਸਿੰਘ ਜੀ ਮਾਲਵੇ ਵਿਚੋਂ ਹੁੰਦੇ ਹੋਏ ਮੁਕਤਸਰ ਤੋਂ ਸੋਥੇ ਅੱਪੜੇ। ਏਥੇ ਬਾਬਾ ਦਰਬਾਰਾ ਸਿੰਘ ਜੀ ਬੀਮਾਰ ਹੋਏ। ਰੁਪਾਣੇ ਆਏ। ਰੁਪਾਣੇ ਆ ਕੇ ਬਾਬਾ ਦਰਬਾਰਾ ਸਿੰਘ ਜੀ ਚੜ੍ਹਾਈ ਕੀਤੀ।

"ਸਭ ਕਹਿੰਦੈ ਹੈਂ ਚੰਗੀ ਕਮਾਈ ਵਾਲਾ ਸੀ। ਦੁੱਖ ਨਹੀਂ ਪਾਇਆ। ਛਕਦਾ ਛਕਾਉਂਦਾ ਹੀ ਚੜ੍ਹਿਆ ਹੈ। ਦੁੱਧ ਛੱਕ ਕੇ ਕਹਿਣ ਲੱਗੇ ਕਿ ਪਾਲਾ ਲੱਗਦਾ ਹੈ। ਰਜਾਈਆਂ ਲੈ ਕੇ ਪੈ ਗਏ ਪ੍ਰਾਣ ਜੁਦਾ ਹੋਏ ਮਰਯਾਦਾ ਨਾਲ ਲੈ ਜਾਇਕੇ ਸਸਕਾਰ ਕੀਤਾ। ਆਰਤੀ ਸੋਹਿਲਾ ਪੜਿਆ, ਅਰਦਾਸਾ ਕੀਤਾ। ਸਤਿ ਸ੍ਰੀ ਅਕਾਲ ਦਾ ਜੈਕਾਰਾ ਦੀ ਵੱਡੀ ਭੈਣ ਬੀਬੀ ਸਾਹਿਬ ਕੌਰ, ਵਿਚ ਹੀ ਲਾਹੌਰ ਦਰਬਾਰ ਦੇ ਤੋਪਖਾਨੇ ਵਿਆਹੀ ਸੀ, ਜਿਹੜੇ ਸਿੱਖ ਅੰਗਰੇਜ਼ ਗਜਾਇਆ। ਰੁਪਾਣੇ ਤੋਂ ਮੁਕਤਸਰ ਆਏ।''[18]

ਯਾਦ ਰਹੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਾ ਦਰਬਾਰਾ ਸਿੰਘ ਹੋਰਾਂ ਦੇ ਪਿੰਡ, ਰਾਇਪੁਰ ਦੇ ਅਧਿਕਾਰੀ ਸ. ਕਾਬਲ ਸਿੰਘ ਹੋਰਾਂ ਨਾਲ ਹੀ ਜੰਗ ਸਮੇਂ ਸ਼ਹੀਦ ਹੋ ਗਏ ਸਨ। ਉੱਘੇ ਨਿਸ਼ਾਨੇਬਾਜ਼ ਸਨ।

੧੯੯੭ ਈ. ਦੇ ਅੱਸੂ ਦੇ ਮਹੀਨੇ ਬਾਬਾ ਦਰਬਾਰਾ ਸਿੰਘ ਦਾ ਸੈਨਿਕ ਜੀਵਨ ਦਾ, ਲਾਹੌਰ ਦਰਬਾਰ ਦਾ ਸਾਥੀ, ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਕਾਰਤ ਕੂਕਾ- ਸੂਬਾ, ਬਾਬਾ ਜਮੀਅਤ ਸਿੰਘ 'ਗਿੱਲ' ਚਲਾਣਾ ਕਰ ਗਿਆ ਸੀ। ਉਸਦੇ ਭੋਗ ਤੇ ਪਾਬੰਦੀਆਂ ਦੇ ਸਮੇਂ ਵਿਚ, ਕੁਝ ਸਮੇਂ ਦੀ ਗੁਰੂ ਹਰੀ ਸਿੰਘ ਜੀ ਨੂੰ ਛੁੱਟੀ ਮਿਲਣ ਕਾਰਨ, ਬਹੁਤ ਭਾਰੀ ਮੇਲਾ ਹੋਇਆ ਸੀ, ਜਿੱਥੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਬਾਬਾ ਦਰਬਾਰਾ ਸਿੰਘ ਹੋਰੀਂ ਵੀ ਪੁੱਜੇ ਸਨ ਅਤੇ ਪੂਜ ਮਾਤਾਵਾਂ ਸਮੇਤ, ਬਾਲ ਸਤਿਗੁਰੂ ਪਰਤਾਪ ਸਿੰਘ ਜੀ ਵੀ ਸਨ। ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦੇ ਕੋਲ, ਹਸਪਤਾਲ ਲਾਗੇ ਇਕ ਖੂਹੀ ਤੇ ਡੇਰਾ ਲੱਗਾ ਕਿਉਂਕਿ ਸ਼ਹਿਰ ਅੰਮ੍ਰਿਤਸਰ ਵਿਚ ਜਾਣ ਦਾ ਸਰਕਾਰ ਵੱਲੋਂ ਹੁਕਮ ਨਹੀਂ ਸੀ। ਬਾਬਾ ਦਰਬਾਰਾ ਸਿੰਘ ਪੰਜ ਯੱਕੇ (ਟਾਂਗੇ) ਕਿਰਾਏ ਤੇ ਕਰ ਕੇ ਲਿਆਏ ਜਿਹਨਾਂ ਤੇ ਚੜ੍ਹਕੇ ਅਜਨਾਲੇ ਤੱਕ ਪੱਕੀ ਸੜਕ ਤੇ ਅੱਗੇ ਕੱਚੇ ਰਾਹ ਗਿੱਲ (ਸਿਆਲਕੋਟ) ਨੂੰ ਗਏ ਸਨ। ਰਾਵੀ ਦਰਿਆ ਬੇੜੀਆਂ ਤੇ ਟਾਂਗੇ ਲੱਦ ਕੇ ਪਾਰ ਕੀਤਾ ਸੀ। ਰਾਤ ਰੱਈਏ ਦੀ ਧਰਮਸ਼ਾਲਾ ਵਿੱਚ ਕੱਟ ਕੇ ਅਗਲੇ ਦਿਨ ਗਿੱਲ ਪੁੱਜੇ ਸਨ।[19]

ਇਉਂ ਅਸੀਂ ਵੇਖਦੇ ਹਾਂ ਕਿ ਲਗਭਗ ਅੱਠ ਦਹਾਕਿਆਂ ਦੇ ਸਮੇਂ ਤੇ ਬਾਬਾ ਦਰਬਾਰਾ ਸਿੰਘ ਜੀ ਦੇ ਜੀਵਨ ਕੈਨਵਸ ਤੇ, ਵਿਵਿਧ ਰੰਗਾਂ ਦੇ ਚਿਤਰ ਵੇਖਣ ਨੂੰ ਮਿਲਦੇ ਹਨ, ਜੋ ਉਹਨਾਂ ਦੇ ਸਮਰਪਿਤ, ਸਿਰੜੀ, ਸਿਦਕੀ, ਸਦਾ ਸੰਘਰਸ਼ਸ਼ੀਲ ਕਿਰਦਾਰ ਦੇ ਦਰਸ਼ਨ ਕਰਾਉਂਦੇ ਹਨ। ਇਹ ਉਹਨਾਂ ਦਾ ਆਪਣੀ ਮਿਟੀ ਅਤੇ ਇਸ ਦੇ ਲੋਕਾਂ ਨਾਲ ਅਟੁੱਟ ਰਿਸ਼ਤਾ ਸੀ, ਜੋ ਪਹਿਲਾਂ ਉਹਨਾਂ ਨੂੰ ਗੋਰੇ ਹਮਲਾਵਰਾਂ ਵਿਰੁੱਧ ਤਲਵਾਰ ਫੜ ਕੇ ਜੂਝਣ ਦਾ ਬਲ ਬਖਸ਼ਦਾ ਹੈ ਅਤੇ ਫਿਰ ਜਦੋਂ ਕੁਝ ਸਮਾਂ ਉਹ ਰਾਜ ਗੁਆਚਣ ਬਾਦ ਨਿਰਾਸ਼ਤਾ ਦੀ ਡੂੰਘੀ ਖੱਡ ਵਿਚ ਡਿੱਗ ਪਏ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸ਼ੀਅਤ ਦੇ ਖਿੱਚੇ, ਉਹ ਫਿਰ ਮੋਰਚਾ ਮੱਲ ਲੈਂਦੇ ਹਨ। ਕੂਕੇ ਸੰਗਰਾਮੀਏ ਬਣ ਕੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਸਤਿਗੁਰਾਂ ਦੇ ਓਪਰੀ ਧਰਤੀ ਦੇ ਦਰਸ਼ਨ ਮੇਲੇ ਕਰਕੇ, ਸੂਹ ਵੀ ਕੱਢ ਲਿਆਉਂਦੇ ਹਨ। ਆਪਣਾ ਸਰਦਾਰੀ ਠਾਠ, ਬਾਠ, ਰੁੱਤਬਾ, ਜ਼ਮੀਨ ਜਾਇਦਾਦਾਂ ਵੀ ਆਪਣੇ ਸਤਿਗੁਰੂ ਦਾ ਲੰਗਰ ਚੱਲਦਾ ਰੱਖਣ ਲਈ, ਨਿਉਛਾਵਰ ਕਰ ਦਿੰਦੇ ਹਨ ਅਤੇ ਬਾਲ ਸਤਿਗੁਰੂ ਪਰਤਾਪ ਸਿੰਘ ਜੀ ਦਾ ਬਚਪਨ, ਆਪਣੇ ਕਲੇਵਰ ਵਿਚ ਲੈ ਕੇ, ਉਹਨਾਂ ਨੂੰ ਨਾਮਧਾਰੀ ਇਤਿਹਾਸ ਦੇ ਹੀਰੇ ਮੋਤੀਆਂ ਨਾਲ ਮਾਲਾ ਮਾਲ ਕਰਕੇ, ਉਹਨਾਂ ਦੀ 'ਦਲ ਭੰਜਨ' ਅਤੇ 'ਪਰਉਕਾਰੀ'' ਗੁਰ ਸੂਰਮੇ'' ਵਾਲੀ ਹਸਤੀ ਨੂੰ ਤਰਬੀਅਤ ਦੇਣ ਵਿਚ, ਆਪਣਾ ਯੋਗਦਾਨ ਵੀ ਪਾਉਂਦੇ ਹਨ। ਸਭਰਾਵਾਂ ਦੇ ਰਣ ਤੱਤੇ ਤੋਂ ਲੈ ਕੇ, ਖਾਰੇ ਸਮੁੰਦ ਸਾਗਰ ਉਲੰਘ ਕੇ ਆਪਣੇ ਸਤਿਗੁਰੂ ਜੀ ਦੇ ਨਿਵਾਸ ਸਥਾਨ 'ਰੰਗੂਨ ਦੇ ਬੰਗਲੇ ਤੱਕ' ਦਾ ਬਾਬਾ ਦਰਬਾਰਾ ਸਿੰਘ ਹੋਰਾਂ ਦਾ ਸਫ਼ਰ, ਸਾਡੇ ਇਤਿਹਾਸ ਵਿਚ ਪੰਧ ਵਿਖਾਊਆਂ ਜਿਹਾ ਮੋਢੀ ਮਾਣ ਰੱਖਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਦਸਤਾਵੇਜ਼-ਸੰ. ਜਸਵਿੰਦਰ ਸਿੰਘ) ਸਫਾ ੨੬-੨੭

2. ਸਤਿਗੁਰੂ ਬਿਲਾਸ ਭਾਗ ਪਹਿਲਾ- ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਫਾ ੨੬੨

3. ਉਹੀ- ਸਫਾ ੨੬੫

4. ਉਹੀ- ਸਫਾ ੨੬੭


**ਬਾਕੀ ਸਫ਼ਾ ਨੰ 20 'ਤੇ**

# ਅੱਜ ਵੀ ਤੇਰੀ ਹਰ ਪੈੜ ਦੇ ਨਿਸ਼ਾਨ ਸਾਬਤ ਨੇ

**ਗੁਰਮੰਗਤ ਗ਼ਾਫ਼ਲ**

ਲੋਕੋ ਗਿਣੇ ਨਾ ਸ਼ਹੀਦ ਇੱਥੇ
ਲੱਖਾਂ ਅਣਖੀਆਂ ਜਾਨਾਂ ਵਾਰੀਆਂ ਨੇ।
ਪਲੀ ਵੇਲ ਆਜ਼ਾਦੀ ਦੀ ਰੁੱਤ ਦੇ ਕੇ,
ਤਾਹੀਂ ਮਹਿਕੀਆਂ ਇਹ ਫੁਲਵਾਰੀਆਂ ਨੇ।
ਗੁਰੂ, ਭਗਤ, ਸੁਖਦੇਵ ਜਿਹੇ ਸੂਰਵੀਰਾਂ,
ਹੱਸ ਚੁੰਮੀਆਂ ਫਾਂਸੀ ਲਾੜੀਆਂ ਨੇ।
'ਗ਼ਾਫ਼ਲ' ਸਦਕੇ ਉਹਨਾਂ ਜਵਾਨੀਆਂ ਤੋਂ,
ਜਿਹਨਾਂ ਹਿੱਕ ਤੇ ਤੋਪਾਂ ਤਾਰੀਆਂ ਨੇ।

ਮਹਾਂ ਪੰਜਾਬ ਦਾ ਧੜਕਦਾ ਸੀਨਾ ਜਿਸ ਦੀ ਧਰਤੀ ਨੂੰ ਆਪਣੀ ਕੁੱਖ ਵਿੱਚ ਸੂਰਮੇ ਪਾਲਣ ਦੀ ਜਿਵੇਂ ਬਖਸ਼ੀਸ਼ ਹੀ ਕੁਦਰਤ ਨੇ ਇਨਾਇਤ ਵਜੋਂ ਦਿੱਤੀ ਹੋਵੇ। ਐਸੀ ਹੀ ਧਰਤੀ ਸੀ ਜਿਲਾ ਲਾਇਲਪੁਰ ਜੋ ਕਿ ਅੱਜ ਮਜ਼ਹਬੀ ਮਸਲਿਆਂ ਦੀ ਓਟ ਲੈ ਕੇ ਆਪਣਾ ਉੱਲੂ ਸਿੱਧਾ ਕਰਨ ਵਾਲੇ ਸਿਆਸਤ-ਦਾਨਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਏ ਹਿੰਦ, ਪਾਕ ਵਿੱਚੋਂ ਪਾਕ ਦੀ ਗੋਦ ਦੀ ਰੰਗਤ ਹੈ। ਲਾਇਲਪੁਰ ਦੀ ਤਹਿਸੀਲ ਜੜ੍ਹਾਂਵਾਲਾ ਦਾ ਇੱਕ ਯਾਦਗ਼ਾਰ ਪਿੰਡ ਸੀ ਚੱਕ 109, ਸਾਬਤ ਚੱਕ ਰਹੀਸ ਜਿਹਾ ਜਾਣਿਆ ਜਾਂਦਾ ਸੀ ਕਿਉਂਕਿ ਜ਼ਿਆਦਾਤਰ ਇਸ ਦੇ ਵਸਨੀਕ ਮੁਲਾਜ਼ਮ ਸਨ।

ਨਾਮਧਾਰੀ ਸੰਧੂ ਪਰਿਵਾਰ ਦੇ ਸੂਬੇਦਾਰ ਮੇਜਰ ਸ੍ਰ. ਚੰਦ ਸਿੰਘ ਨੂੰ ਸਪੁੱਤਰ ਸ. ਰਵੇਲ ਸਿੰਘ ਤੇ ਦੋ ਧੀਆਂ ਸਪੁੱਤਰੀ ਕਰਤਾਰ ਕੌਰ ਤੇ ਸਪੁੱਤਰੀ ਬੰਤ ਕੌਰ ਦੇ ਰੂਪ ਵਿੱਚ ਔਲਾਦ ਦਾ ਸੁੱਖ ਨਸੀਬ ਹੋਇਆ। ਰਵੇਲ ਸਿੰਘ ਬੜਾ ਬੇਬਾਕ, ਨਿੱਘਾ, ਆਪਣੇ ਰੁਬਾਬ ਦੀ ਪੈਠ ਨੂੰ ਮਾਨਣ ਵਾਲਾ, ਜੋਸ਼ਿਲਾ, ਵਿਲੱਖਣ ਤੇਜ਼ ਚੜ੍ਹਤ ਦਾ ਧਾਰਨੀ ਸੀ। ਜਿਉਂ-ਜਿਉਂ ਰਵੇਲ ਸਿੰਘ ਜਵਾਨ ਹੋਇਆ ਇਸਦਾ ਚਰਚਾ ਲੋਕਾਂ ਦੇ ਦਿਲਾਂ ਵਿਚ ਸਤਿਕਾਰ ਦੇ ਰੂਪ ਵਿੱਚ ਘਰ ਕਰ ਗਿਆ। ਰਵੇਲ ਸਿੰਘ ਬੜਾ ਹੀ ਇਨਸਾਫ਼ ਪਸੰਦ ਵਿਅਕਤੀਤੱਵ ਦਾ ਧਾਰਨੀ ਸੀ। ਗਰੀਬਾਂ ਦੇ ਮਦਦਗ਼ਾਰ ਵਜੋਂ ਨਿਧੜਕ ਹੋ ਕੇ ਤੁਰਦਿਆਂ ਕਦੀ ਵੀ ਇਸ ਦੇ ਮੱਥੇ ਤੇ ਸ਼ਿਕਨ ਵੀ ਨਹੀਂ ਸੀ ਆਉਂਦੀ। ਪੂਰੇ ਇਲਾਕੇ ਵਿੱਚ ਰਵੇਲ ਸਿੰਘ ਇੱਕ ਨੇਕ ਕਿੱਤੇਕਾਰ ਤੇ ਕਰਮਯੋਗੀ ਵਜੋਂ ਮਕਬੂਲ ਸੀ। ਭਰ ਜੁਆਨ ਹੋਇਆ ਤਾਂ ਰਵੇਲ ਸਿੰਘ ਦੀ ਜ਼ਿੰਦਗੀ ਵਿੱਚ ਉਸ ਦੇ ਭਾਰ ਨੂੰ ਵੰਡਾਉਣ ਦਾ ਹਮਸਫ਼ਰ ਵਜੋਂ ਬੀੜਾ ਚੁੱਕਿਆ ਬੀਬੀ ਸੁਖਵੰਤ ਕੌਰ ਨੇ। ਰਵੇਲ ਸਿੰਘ ਨੂੰ ਸਰਕਾਰੀ ਮੁਆਮਲੇ ਦੇ ਇਕੱਠ ਦੀ ਜ਼ਿੰਮੇਵਾਰੀ ਸਰਕਾਰ ਨੇ ਨੰਬਰਦਾਰੀ ਵਜੋਂ ਸੌਂਪ ਰੱਖੀ ਸੀ। ਆਪਣੀ ਇਨਸਾਫ਼ ਪਸੰਦੀ ਕਾਰਨ ਪਰ੍ਹੇ-ਪੰਚੈਤਾਂ ਦਾ ਰਵੇਲ ਸਿੰਘ ਨੰਬਰਦਾਰ ਅਨਿੱਖੜਵਾਂ ਅੰਗ ਹੋਇਆ ਕਰਦਾ ਸੀ। ਕਹਿੰਦੇ ਨੇ ਕਿ ਜੇਹੜੀ ਪਰ੍ਹੇ-ਪੰਚੈਤ ਜਾਂ ਫੈਸਲੇ ਵਿੱਚ ਰਵੇਲ ਸਿੰਘ ਨੰਬਰਦਾਰ ਹੋਇਆ ਕਰਦੇ ਸਨ ਉਸ ਵਿੱਚ ਪੁਲਿਸ ਵੀ ਦਖ਼ਲ ਅੰਦਾਜੀ ਕਰਨ ਤੋਂ ਗੁਰੇਜ਼ ਕਰਦੀ ਸੀ। ਲੋਕਾਂ ਦੇ ਮਾਨ-ਸਨਮਾਨ ਤੇ ਖੁਸ਼ੀ ਦੇ ਚਲਦਿਆਂ ਰਵੇਲ ਸਿੰਘ ਨੂੰ ਵਾਰੋ-ਵਾਰੀ ਤਿੰਨ ਪੁੱਤਾਂ ਦੀਆਂ ਦਾਤਾਂ ਨਸੀਬ ਹੋਈਆਂ। ਬਲਦੇਵ ਸਿੰਘ, ਸਬਦੇਵ ਸਿੰਘ ਤੇ ਸ਼ਿੰਗਾਰ ਸਿੰਘ। ਪਰ ਸ਼ਿੰਗਾਰ ਸਿੰਘ ਹਾਲੇ ਪੰਜ ਕੁ ਵਰ੍ਹਿਆਂ ਦਾ ਹੀ ਸੀ ਕਿ ਅਕਾਲ ਚਲਾਣਾ ਕਰ ਗਿਆ। ਮਾਤਾ ਸੁਖਵੰਤ ਕੌਰ ਨਾਮਧਾਰੀ ਰਹਿਤ ਮਰਿਆਦਾ ਵਿੱਚ ਬੜੇ ਕੱਟੜ ਸਨ। ਇਸ ਪੁੱਤਰ ਦੇ ਵਿਛੋੜੇ ਕਾਰਨ ਮਾਤਾ ਸੁਖਵੰਤ ਕੌਰ ਦੀਆਂ ਆਂਦਰਾਂ ਨੂੰ ਹਿਜ਼ਰ ਦੀ ਭਾਅ ਨੇ ਐਸਾ ਹਲੂਣਾ ਦਿੱਤਾ ਕਿ ਇਸ ਦੌਰਾਨ ਇਹਨਾਂ ਨੇ ਪੱਕੀ ਸੋਧ ਧਾਰਨ ਕਰ ਲਈ ਤੇ ਕੇਵਲ ਬੰਦਗੀ ਵਿੱਚ ਮਸ਼ਗੂਲ ਰਹਿਣ ਲੱਗੇ। ਇਸ ਸਮੇਂ ਦੇ ਚਲਦੇ ਹੀ ਕਹਿੰਦੇ ਨੇ ਨਾਮਧਾਰੀ ਪੰਥ ਦੇ ਹਜ਼ੂਰ ਵਾਲਿਦ ਗੁਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ ਜੀਵਨ ਕੌਰ ਜੀ ਨੇ ਮੇਲ ਦੌਰਾਨ ਸੁਖਵੰਤ ਕੌਰ ਹੁਰਾਂ ਨੂੰ ਇਕ ਲਪੇਟੀ ਕੰਬਲੀ ਦਿੱਤੀ ਤੇ ਕਿਹਾ ਕਿ ਆਹ ਲੈ ਮੈਂ ਤੈਨੂੰ ਐਸਾ ਪੁੱਤਰ ਦੇ ਰਹੀ ਹਾਂ ਜੋ ਸਾਰੀ ਦੁਨੀਆਂ ਵਿਚ ਆਪਣਾ ਸਿਰਨਾਵਾਂ ਯਾਦਗਰੀ ਵਜੋਂ ਛੱਡ ਕੇ ਜਾਏਗਾ। ਜਗਤ ਮਾਤਾ ਜੀਵਨ ਕੌਰ ਜੀ ਦੇ ਬਚਨਾਨੁਸਾਰ ਮੁੜ ਮਾਤਾ ਸੁਖਵੰਤ ਕੌਰ ਦੀ ਕੁੱਖੋਂ ਸੰਧੂ ਪਰਿਵਾਰ ਦੇ ਵੇਹੜੇ ਇੱਕ ਵਾਰ ਫਿਰ ਤੋਂ ਚਿਰਾਗ਼ ਰੁਸ਼ਨਾਇਆ ਤੇ 13-01-1933 ਨੂੰ ਰਵੇਲ ਸਿੰਘ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਸ ਦਾ ਸਿਰਨਾਵਾਂ ਰੱਖਿਆ ਗਿਆ ਅਮਰਜੀਤ ਸਿੰਘ। ਅਮਰਜੀਤ ਤੋਂ ਬਾਅਦ ਇਕ ਹੋਰ ਪੁੱਤਰ ਦੀ ਦਾਤ ਸੁਖਦੇਵ ਸਿੰਘ ਵਜੋਂ ਸੀ। ਰਵੇਲ ਸਿੰਘ ਦੀਆਂ ਦੋ ਧੀਆਂ ਸਨ, ਇੱਕ ਦਾ ਸਿਰਨਾਵਾਂ ਸੀ ਸੁਰਜੀਤ ਕੌਰ ਤੇ ਦੂਸਰੀ ਰਣਜੀਤ ਕੌਰ।

ਅਮਰਜੀਤ ਸਿਰਨਾਵਾਂ ਸੀ ਆਪਣੇ ਵੈਰੀਆਂ ਤੇ ਜਿੱਤ ਦਾ ਪਰਚਮ ਲਹਿਰਾ ਕੇ ਇਤਿਹਾਸ ਦੇ ਪੰਨਿਆਂ 'ਤੇ ਸੁਨੈਹਿਰੀ ਅੱਖਰਾਂ ਵਿੱਚ ਆਪਣਾ ਨਾਮਣਾ ਅਮਰ ਕਰ ਜਾਣ ਵਾਲੇ ਸ਼ਹੀਦ ਸਰਤਾਜ ਸੂਰਵੀਰ ਯੋਧੇ ਦਾ।

ਕਹਿੰਦੇ ਨੇ ਵਿਲੱਖਣ ਰੂਹਾਂ ਦੀ ਵਿਲੱਖਣਤਾ ਬਚਪਨ ਵਿੱਚ ਹੀ ਅੱਖੋਂ ਪਰੋਖੇ ਨਹੀਂ ਰਹਿੰਦੀ।

ਲਾਡ-ਪਿਆਰ ਦੇ ਹਲੂਣ ਵਿੱਚ ਪਲੇ ਅਮਰਜੀਤ ਨੂੰ ਡਗਮਗਾਉਂਦੇ ਪੈਰੋਂ ਦਰੁਸਤ ਚਾਲੇ ਹੁੰਦਿਆਂ ਜੜ੍ਹਾਂਵਾਲੇ ਦੇ ਦੇਹਾਤੀ ਸਕੂਲ ਵਿੱਚ ਪਾ ਦਿੱਤਾ ਗਿਆ। ਇਹ ਚੌਥੀ ਤੱਕ ਦਾ ਸਕੂਲ ਸੀ। ਅਮਰਜੀਤ ਦਾ ਸੁਭਾਅ ਹੋਰਨਾਂ ਹਾਣੀ ਬੱਚਿਆਂ ਤੋਂ ਏਨਾਂ ਵੱਖਰਾ ਸੀ ਕਿ ਸਕੂਲ ਦੇ ਟੀਚਰ ਤੀਕ ਵੀ ਉਹਨਾਂ ਦੇ ਪਿਤਾ ਤਾਈਂ ਇਹਨਾਂ ਦੀ ਵਿਲੱਖਣਤਾ ਦੇ ਜਿਕਰ ਤੋਂ ਨਹੀਂ ਝੁਕਦੇ ਸੀ। ਅਮਰਜੀਤ ਸਕੂਲੋਂ ਆਉਂਦਾ ਤੇ ਸਾਰਿਆਂ ਹਾਣੀਆਂ ਤੋਂ ਅਲੱਗ ਜਾ ਕੇ ਖੇਡਦਾ ਰਹਿੰਦਾ। ਬਚਪਨ ਦੀਆਂ ਖੇਡਾਂ ਵਿੱਚ ਵੀ ਅਮਰਜੀਤ ਦੇ ਖਿਡੌਣਿਆਂ ਵਿੱਚ ਮਿੱਟੀ ਦੇ ਗੋਲੇ ਬਾਰੂਦ ਹੋਇਆ ਕਰਦੇ ਸਨ। ਇਹ ਗੁਲੇਲ ਵਿੱਚ ਇਹਨਾਂ ਮਿੱਟੀ ਦੇ ਗੋਲਿਆਂ ਨੂੰ ਵਰਤਿਆ ਕਰਦਾ ਸੀ। ਚੌਥੀ ਜਮਾਤ ਤੋਂ ਬਾਅਦ ਤਹਿਸੀਲ ਜੜ੍ਹਾਂਵਾਲਾ ਵਿੱਚ ਆਵਾਗ਼ਤ ਬੰਗਲੇ ਵਿੱਚ ਅੱਠਵੀਂ ਜਮਾਤ ਤੱਕ ਪੜ੍ਹੇ। ਹਾਲੇ ਅਮਰਜੀਤ ਅੱਠਵੀਂ-ਨੌਵੀਂ ਜਮਾਤ ਵਿੱਚ ਹੀ ਸੀ ਕਿ ਹਿੰਦ-ਪਾਕ ਦੀਆਂ ਵੰਡੀਆਂ ਨੇ ਵੱਸਦੇ-ਰੱਸਦੇ ਘਰਾਂ ਦੇ ਮਾਲਕਾਂ ਨੂੰ ਖਾਨਾਬਦੋਸ਼ ਕਰ ਦਿੱਤਾ। ਵੰਡ ਦੇ ਦੌਰਾਨ ਪਰਿਵਾਰਾਂ ਦੇ ਜੀਆਂ ਨੂੰ ਵੱਖੋ-ਵੱਖ ਕਰ ਕੇ ਹਿੰਦੋਸਤਾਨ ਲਿਆਂਦਾ ਗਿਆ। ਜ਼ਿਲ੍ਹਾ ਲਾਇਲਪੁਰ ਦੇ ਜਿਸ ਕੈਂਪ ਵਿੱਚ ਅਮਰਜੀਤ ਪੜ੍ਹਦਾ ਸੀ ਉਸ ਘੇਰ ਲਿਆ ਗਿਆ ਤੇ ਉਥੋਂ ਦੇ ਨੌਜਵਾਨ ਮੁੰਡਿਆਂ ਕੋਲੋਂ ਕੈਂਪ ਦੇ ਚਾਰ-ਚੁਫੇਰੇ ਇੱਕ ਡੂੰਘੀ ਨਾਲੀ ਖੁਦਵਾਈ ਗਈ। ਖੁਦਾਈ ਪੂਰੀ ਹੋਣ ਵਾਲੀ ਸੀ ਪਰ ਕੁਝ ਚਿਰ ਪਹਿਲਾਂ ਅਮਰਜੀਤ ਤੇ ਉਸਦਾ ਇੱਕ ਹੋਰ ਦੋਸਤ ਪਾਣੀ ਪੀਣ ਦੇ ਬਹਾਨੇ ਬਾਹਰ ਆਏ ਤਾਂ ਪਿੱਛੋਂ ਗੋਲੀਆਂ ਚੱਲਣ ਦੀ ਆਵਾਜ਼ ਨਾਲ ਮੱਚੀ ਚੀਕ ਚਕਾਰ ਤੋਂ ਇਹਨਾਂ ਨੂੰ ਪਤਾ ਲੱਗਾ ਕਿ ਤਮਾਮ ਨੌਜਵਾਨਾਂ ਨੂੰ ਮਾਰ ਦਿੱਤਾ ਗਿਆ ਹੈ। ਇੱਥੋਂ ਨੱਸ ਕੇ ਅਮਰਜੀਤ ਬਾਅਦ ਵਾਲੀ ਗੱਡੀ ਵਿੱਚ ਭਾਲ ਕੇ ਹੋਰ ਪਰਿਵਾਰ ਦੇ ਕੁਝ ਜੀਆਂ ਨਾਲ ਰਲਿਆ। ਗੱਡੀ ਹਾਲੇ ਸਰਗੋਧੇ ਤੀਕ ਹੀ ਆਈ ਸੀ ਤੇ ਗੱਡੀ ਦਾ ਚਾਲਕ ਬਦਲ ਦਿੱਤਾ ਗਿਆ। ਤੇ ਗੱਡੀ ਸਰਗੋਧੇ ਕਰੀਬ ਦੋ ਦਿਨ ਤੱਕ ਰੁਕੀ ਰਹੀ। ਭੁੱਖੇ ਭਾਣੇ ਅਮਰਜੀਤ ਜਿਹੇ ਹਜ਼ਾਰਾਂ ਮਾਸੂਮਾਂ ਨੂੰ ਇੱਥੇ ਦੋ ਦਿਨ ਕੱਟਣਾ ਕਿੰਨਾ ਕਾਲਜਾ ਵਿੰਨ੍ਹ ਦੇਣ ਵਾਲਾ ਹੋਵੇਗਾ। ਇਹ ਤਾਂ ਉਹ ਹੀ ਦੱਸ ਸਕਦੈ ਜਿਸਨੇ ਇਹ ਤ੍ਰਾਸਦੀ ਹੰਢਾਈ ਤੇ ਅੱਖੀਂ ਵੇਖੀ ਹੋਵੇ। ਮੁਸਲਿਮ ਕੌਮ ਦੇ ਬਸ਼ਿੰਦਿਆਂ ਦਾ ਕਹਿਰ ਆਪਣੇ ਲੋਕਾਂ 'ਤੇ ਢਹਿੰਦਾ ਇਸ ਨੌਜਵਾਨ ਬੱਚੇ ਅਮਰਜੀਤ ਨੇ ਅੱਖੀਂ ਵੇਖਿਆ। ਜਿਸ ਦੀਆਂ ਅੱਖਾਂ



ਸਾਹਮਣੇ ਉਸ ਦੇ ਕੈਂਪ ਦੇ ਨੌਜਵਾਨ ਸਾਥੀਆਂ ਨੂੰ ਗੋਲੀਆਂ ਨਾਲ ਛੱਲੀ ਕਰਦਿਆਂ ਇਹਨਾਂ ਵਹਿਸ਼ੀਆਂ ਨੂੰ ਰਤੀ ਭਰ ਤਰਸ ਸਬਰ ਨਹੀਂ ਆਇਆ। ਜਿਸ ਵੇਲੇ ਸਰਗੋਧੇ ਗੱਡੀ ਦੋ ਦਿਨ ਰੁਕੀ ਰਹੀ ਅਮਰਜੀਤ ਪੂਰੀ ਹੋਸ਼ ਸੰਭਾਲ ਵਿੱਚ ਸੀ। ਜਿਸ ਨੇ ਸਰਗੋਧੇ ਦੋ ਦਿਨ ਦਾ ਸਮਾਂ ਲੁੱਕ-ਛਿਪ ਕੇ ਕੁੱਟਿਆ। ਲਾਚਾਰ ਬੱਚਾ ਸੀ ਕਰਦਾ ਵੀ ਕੀ? ਹਿੰਦੋਸਤਾਨ ਆ ਕੇ ਜ਼ਿਲ੍ਹਾ ਲੁਧਿਆਣਾ ਵਿਖੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਅਮਰਜੀਤ ਨੇ ਐਫ.ਏ. ਤੱਕ ਦੀ ਪੜ੍ਹਾਈ ਪੂਰੀ ਕੀਤੀ। ਕਾਲਜ ਵਿੱਚ ਅਕਸਰ ਅਮਰਜੀਤ ਪਾਕ ਵਿੱਚ ਕਤਲੇਆਮ ਤੇ ਆਪਣੇ ਦੋਸਤਾਂ ਨਾਲ ਹੋਈ ਵਧੀਕੀ ਨੂੰ ਯਾਦ ਕਰ ਕੇ ਭਾਵੁਕ ਹੋ ਜਾਇਆ ਕਰਦਾ ਸੀ। ਕਹਿੰਦੇ ਨੇ ਕਿ ਜੋਸ਼ ਵਿੱਚ ਅਮਰਜੀਤ ਦੇ ਚਿਹਰੇ ਦੀ ਰੰਗਤ ਬਦਲ ਜਾਂਦੀ ਤੇ ਬਦਲੇ ਦੀ ਅੱਗ ਵਿੱਚ ਭਖ਼ਦਾ ਚਿਹਰਾ ਦੇਖ ਕੇ ਉਸਦੇ ਦੋਸਤਾਂ ਮਿੱਤਰਾਂ ਨੂੰ ਵੀ ਉਸ ਤੋਂ ਖ਼ੌਫ ਆ ਜਾਇਆ ਕਰਦਾ ਸੀ। ਕਈ ਥਾਂਵਾਂ 'ਤੇ ਕੱਚੀਆਂ ਅਲਾਟਮੈਂਟਾਂ ਬਾਅਦ ਸੰਧੂ ਪਰਿਵਾਰ ਪੱਕੀ ਅਲਾਟਮੈਂਟ ਵੇਲੇ ਮੋਰੀਵਾਲੇ ਦਾ ਵਸਨੀਕ ਹੋ ਗਿਆ। ਜਿਉਂ-ਜਿਉਂ ਹਾਲਾਤਾਂ ਵਿੱਚ ਤਸਕੀਨ ਪਰਤੀ ਤੇ ਦਿਲਾਂ ਦੇ ਦੱਬੇ-ਕੁਚਲੇ ਚਾਅ ਤੇ ਰੀਝਾਂ ਵੀ ਹਲੂਣੇ ਲੈਣ ਲੱਗ ਪਈਆਂ। ਅਮਰਜੀਤ ਦਾ ਇਕ ਸੁਪਨਾ ਸੀ ਕਿ ਉਹ ਇਕ ਪਾਇਲਾਟ ਬਣੇ। ਜਿਸ ਦੇ ਸਿੱਟੇ ਵਜੋਂ ਅਮਰਜੀਤ ਨੇ ਐਨ.ਡੀ.ਏ. ਦਾ ਇਮਤਿਹਾਨ ਦਿੱਤਾ ਪਰ ਦੇਹਾਤ ਦੀ ਪੜ੍ਹਾਈ ਵਿੱਚ ਉਹ ਸਹੂਲਤਾਂ ਨਹੀਂ ਸਨ ਕਿ ਸ਼ਹਿਰ ਦੀ ਫਾਰਵਰਡ ਤਕਨੀਕੀ ਸਿੱਖਿਆ ਤੋਂ ਅੱਵਲ ਆ ਸਕੇ। ਪਰ ਅਮਰਜੀਤ ਦੇ ਹੌਂਸਲੇ ਤੇ ਉਸਦੇ ਸੁਪਨਿਆਂ ਦੀ ਤਾਂਘ ਉਸ ਨੂੰ ਬੰਨ੍ਹੀ ਰੱਖਣ ਵਿੱਚ ਕਾਮਯਾਬ ਰਹੀ। ਜਿਵੇਂ ਕਿ ਇਸ ਸ਼ੇਅਰ ਨੂੰ ਕਿਆਸ ਨਾਲ ਚਿਤਾਰੀਏ:

'ਗ਼ਾਫ਼ਲ' ਬਰਫ਼ ਕੇ ਪੁਤਲੇ ਨਹੀਂ ਮੇਰੇ ਬੁਲੰਦ ਹੌਂਸਲੇ,
ਕਿ ਸਾਂਸੋਂ ਭੀ ਗਰਮ ਹੋਂਗੀ, ਔਰ ਪਿਘਲ ਜਾਏਂਗੇ॥

ਮੁੜ ਦੁਬਾਰਾ ਵਰ੍ਹੇ ਭਰ ਦੀ ਮਿਹਨਤ ਤੋਂ ਬਾਅਦ ਅਮਰਜੀਤ ਨੇ ਇਮਤਿਹਾਨ ਦਿੱਤਾ। ਤੇ ਰਿਜਲਟ ਦੀ ਉਡੀਕ ਵਿੱਚ ਦਿਨ ਵਰ੍ਹਿਆਂ ਜਾਨਿਬ ਗੁਜ਼ਰਨ ਲੱਗੇ। ਇੱਕ ਦਿਨ ਅਮਰਜੀਤ ਦੇ ਦੋਸਤ ਦਾ ਫੋਨ ਆਇਆ ਜਿਸ ਦੇ ਨਾਲ ਹੀ ਅਮਰਜੀਤ ਨੇ ਐਨ.ਡੀ.ਏ. ਦਾ ਟੈਸਟ ਦਿੱਤਾ ਸੀ। ਉਸ ਨੇ ਫੋਨ ਤੇ ਆਪਣੇ ਇੰਟਰਵਿਊ ਦੀ ਚਿੱਠੀ ਬਾਰੇ ਦੱਸਿਆ ਪਰ ਅਮਰਜੀਤ ਕੋਲ ਹਾਲੇ ਤੀਕ ਕੋਈ ਇਤਲਾਹ ਨਹੀਂ ਸੀ ਪਹੁੰਚੀ। ਅਮਰਜੀਤ ਨੇ ਆਪਣੇ ਪਿਤਾ ਸ: ਰਵੇਲ ਸਿੰਘ ਹੁਰਾਂ ਨਾਲ ਇਸ ਬਾਰੇ ਗੱਲ ਕੀਤੀ। ਪਿੰਡ ਦੇ ਡਾਕੀਏ ਤੋਂ ਪਤਾ ਕਰਨ ਤੇ ਚਿੱਠੀ ਦੇ ਗੁੰਮ ਹੋ ਜਾਣ ਦੀ ਖ਼ਬਰ ਅਮਰਜੀਤ ਦੀਆਂ ਸੱਧਰਾਂ 'ਤੇ ਪਹਾੜ ਬਣ ਕੇ ਡਿੱਗੀ। ਪਰ ਰਵੇਲ ਸਿੰਘ ਨੇ ਹਿੰਮਤ ਦੇਂਦਿਆਂ ਅਮਰਜੀਤ ਨੂੰ ਤਿਆਰ ਕੀਤਾ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਰਾ ਮਹਾਰਾਜਾ ਨਿਹਾਲ ਸਿੰਘ ਨੂੰ ਨਾਲ ਲੈ ਕੇ ਦਿੱਲੀ ਪੁੱਜੇ ਤੇ ਇਕ ਹਿੰਦੂ ਬੱਚੇ ਦਾ ਇੰਟਰਵਿਊ ਲੈਟਰ ਆ ਜਾਣ ਤੇ ਸਿੱਖ ਬੱਚੇ ਦਾ ਇੰਟਰਵਿਊ ਲੈਟਰ ਨਾ ਪਹੁੰਚਣ ਦੇ ਮੁੱਦੇ ਹੇਠ ਅਮਰਜੀਤ ਦਾ ਇਕੱਲੇ ਦਾ ਅਲੱਗ ਤੋਂ ਇੰਟਰਵਿਊ ਦਵਾਇਆ ਗਿਆ। ਸੰਨ 1954 ਵਿੱਚ ਦੂਸਰੀ ਵਾਰੀ ਦਿੱਤੇ ਮਜ਼ਮੂਨ ਦੇ ਸਿੱਟੇ ਵਜੋਂ ਉਸ ਨੂੰ ਸਲੈਕਸ਼ਨ ਤੋਂ ਬਾਅਦ ਆਪਣਾ ਸੁਪਨਾ ਸਾਕਾਰ ਹੁੰਦਾ ਦਿਸਿਆ। ਟ੍ਰੇਨਿੰਗ ਦੌਰਾਨ ਹੀ ਇਹਨਾਂ ਨੂੰ ਪਾਸਿੰਗ ਤੋ ਪਹਿਲਾਂ ਕੁੱਝ ਕਾਰਨਾਂ ਕਰਕੇ ਰਿਜੈਕਟ ਕਰ ਦਿੱਤਾ ਗਿਆ ਪਰ ਛੇਤੀ ਹੀ ਇਹਨਾਂ ਦੀ ਕਾਬਲੀਅਤ ਸਦਕਾ ਮੁੜ ਇਹਨਾਂ ਨੂੰ ਪਾਸਿੰਗ ਵਿੱਚ ਸ਼ਾਮਲ ਕਰ ਲਿਆ ਗਿਆ। ਟ੍ਰੇਨਿੰਗ ਤੋਂ ਬਾਅਦ ਅਮਰਜੀਤ ਇੱਕ ਫਲਾਇੰਗ ਅਫ਼ਸਰ ਵਜੋਂ ਪਹਿਲੀ ਵਾਰ ਕਲਕੱਤੇ ਬੈਰਕਪੁਰ ਡਿਪਿਊਟ ਕੀਤਾ ਗਿਆ। ਇਸ ਤੋਂ ਕੁਝ ਚਿਰ ਬਾਅਦ ਹੀ ਇਹਨਾਂ ਦਾ ਹਲਵਾਰੇ ਲੁਧਿਆਣੇ ਨਜ਼ਦੀਕ ਤਬਾਦਲਾ ਕਰ ਦਿੱਤਾ ਗਿਆ। ਉੱਚੀ ਲੰਮੀ ਕੱਦ ਕਾਠੀ ਦਾ ਸੋਹਣਾ, ਗ਼ੈਰਤੀ, ਜੋਸ਼ੀਲਾ, ਅਣਖ਼ੀ ਯੋਧਾ ਜਿੱਥੇ ਜਾਂਦਾ ਬਸ ਸੰਧੂ ਸਾਹਿਬ ਵਜੋਂ ਦਿਲਾਂ ਨੂੰ ਮੋਹ ਲੈਂਦਾ। ਇਸ ਸਾਢੇ ਛੇ ਫੁੱਟ ਲੰਮੇ, ਗਜ ਚੌੜੀ ਛਾਤੀ ਵਾਲੇ ਨੌਜਵਾਨ ਨੇ ਜਦੋਂ ਵਰਦੀ ਪਾਈ ਹੁੰਦੀ ਸੀ ਤਾਂ ਇਸ ਕੋਲੋਂ ਡਰ ਆਉਂਦਾ ਸੀ। ਆਪਣੀ ਅਗਲੀ ਪੋਸਟਿੰਗ ਦੌਰਾਨ ਇਹਨਾਂ ਨੂੰ ਦਿੱਲੀ ਭੇਜ ਦਿੱਤਾ ਗਿਆ। ਪਿਤਾ ਰਵੇਲ ਸਿੰਘ ਹੁਰਾਂ ਨੇ ਅਮਰਜੀਤ ਦਾ ਰਿਸ਼ਤਾ ਭੈਣੀ ਸਾਹਿਬ ਦੇ ਸ. ਹਜਾਰਾ ਸਿੰਘ ਰੰਧਾਵਾ ਦੇ ਵਿਹੜੇ ਦੀ ਰੌਣਕ ਮਾਤਾ ਈਸ਼ਰ ਕੋਰ ਦੀ ਲਾਡਲੀ ਬੀਬੀ ਚਰਨਜੀਤ ਕੌਰ ਨਾਲ ਪੱਕਾ ਕਰ ਦਿੱਤਾ। ਉਸ ਵੇਲੇ ਚਰਨਜੀਤ ਹਾਲੇ ਸੌਲਾਂ ਕੁ ਵਰ੍ਹਿਆਂ ਦੀ ਸੀ ਘਰ ਪਰਿਵਾਰ ਵਿੱਚ ਲਾਡਲੀ ਹੋਣ ਕਾਰਨ ਇਹਨਾਂ ਦਾ ਸੁਭਾਅ ਥੋੜ੍ਹਾ ਚੰਚਲ ਜਿਹਾ ਸੀ। ਤੇ ਕਦੀ- ਕਦੀ ਗੱਲ ਮਨਵਾਉਣ ਲਈ ਜਿੱਦ ਦਾ ਸਹਾਰਾ ਲੈ ਲਿਆ ਕਰਦੇ ਸਨ। ਇਸ ਜ਼ਬਰਨ ਰਿਸ਼ਤੇ ਤੋਂ ਅਮਰਜੀਤ ਰਾਜ਼ੀ ਨਹੀਂ ਸੀ ਜਿਸ ਕਾਰਨ ਪਿਤਾ ਰਵੇਲ ਸਿੰਘ ਤੋਂ ਕਾਫ਼ੀ ਖਫ਼ਾ ਸੀ। ਸੰਨ 1958 ਨੂੰ ਇਹਨਾਂ ਦਾ ਵਿਆਹ ਕਰਵਾ ਦਿੱਤਾ ਗਿਆ। ਐਡੇ ਸੁੱਘੜ ਤੇ ਆਫ਼ੀਸਰ ਰੈਂਕ ਵਾਲੇ ਇਨਸਾਨ ਦੇ ਲੜ ਲੱਗ ਕੇ ਚਰਨਜੀਤ ਨੂੰ ਆਪਣੇ ਸੁਭਾਅ ਤੇ ਆਪਣੇ ਰਵੱਈਏ ਵਿੱਚ ਕਾਫ਼ੀ ਕੁਝ ਬਦਲਣਾ ਪਿਆ। ਅਮਰਜੀਤ ਦੇ ਮਿਲਣਸਾਰ ਤੇ ਜ਼ਿੰਦਾ ਦਿਲ ਸੁਭਾਅ ਨੇ ਇਹਨਾਂ ਨੂੰ ਬਦਲਾਵ ਦੀ ਚਿਣਗ ਦਾ ਅਹਿਸਾਸ ਵੀ ਹੋਣ ਨਹੀਂ ਦਿੱਤਾ ਪਰ ਅਮਰਜੀਤ ਦਾ ਵਧੇਰੇ ਦਿਲੀ ਰੁਝਾਨ ਪਰਿਵਾਰ ਤੋਂ ਵੱਧ ਡਿਊਟੀ ਪ੍ਰਤੀ ਹੋਇਆ ਕਰਦਾ ਸੀ। ਸਮਾਂ ਬੀਤਦਾ ਗਿਆ ਤੇ ਖੁਸ਼ੀਆਂ ਦੀ ਦਸਤਕ ਵਜੋਂ 30 ਅਗਸਤ 1959 ਨੂੰ ਇਹਨਾਂ ਦੇ ਘਰ ਇੱਕ ਬੇਟੀ ਨੇ ਜਨਮ ਲਿਆ। ਜਿਸ ਦਾ ਨਾਂ ਪੰਮੀ ਰੱਖਿਆ ਗਿਆ। ਪਰ ਪੰਮੀ ਦਾ ਸ਼ਾਇਦ ਦੁਨੀਆਂ ਵੇਖਣਾ ਮਾਲਕ ਨੂੰ ਮਨਜ਼ੂਰ ਨਹੀਂ ਸੀ। ਸਵਾ ਕੁ ਸਾਲ ਦੀ ਹੀ ਪੰਮੀ ਦੇ ਗੁਜ਼ਰ ਜਾਣ ਬਾਅਦ ਚਰਨਜੀਤ ਨੂੰ ਆਪਣਾ ਇਕੱਲਾਪਨ ਵੱਢ ਖਾਣ ਨੂੰ ਦੌੜਦਾ। ਸਮਾਂ ਆਪਣੀ ਚਾਲ ਚਲਦਾ ਗਿਆ ਤੇ ਅਮਰਜੀਤ ਦੀ ਪੋਸਟਿੰਗ ਪੂਨੇ ਕਰ ਦਿੱਤੀ ਗਈ। 4 ਜਨਵਰੀ 1962 ਨੂੰ ਤਬੀਅਤ ਜ਼ਿਆਦਾ ਖ਼ਰਾਬ ਹੋ ਜਾਣ ਕਾਰਨ ਚਰਨਜੀਤ ਕੌਰ ਨੂੰ ਆਪ ਅਮਰਜੀਤ ਦੇ ਸਰਵਿਸ ਨੰਬਰ ਤੇ ਮਿਲਟਰੀ ਹੌਸਪੀਟਲ ਦਾਖ਼ਿਲ ਹੋਣਾ ਪਿਆ। ਇੱਥੇ ਇਹਨਾਂ ਦੇ ਵੱਡੇ ਬੇਟੇ ਸੁਖਮੀਤ ਦਾ ਜਨਮ ਹੋਇਆ। ਬੇਟੇ ਦੇ ਜਨਮ ਤੋਂ ਬਾਅਦ ਚਰਨਜੀਤ ਨੂੰ ਬਾਪੂ ਰਵੇਲ ਸਿੰਘ ਹੁਰੀਂ ਘਰ ਲੈ ਆਏ। ਕਿਉਂਕਿ ਉਥੇ ਇਹਨਾਂ ਦੀ ਦੇਖ਼ਭਾਲ ਕਰਨ ਤੇ ਖ਼ਿਆਲ ਰੱਖਣ ਵਾਲਾ ਕੋਈ ਨਹੀਂ ਸੀ। ਅਮਰਜੀਤ ਪੰਜ ਮਹੀਨੇ ਬਾਅਦ ਛੁੱਟੀ ਆ ਕੇ ਹੀ ਆਪਣੇ ਬੇਟੇ ਦੀ ਸ਼ਕਲ ਵੇਖ ਸਕਿਆ। ਪਰ ਜ਼ਿਆਦਾ ਲੰਮੀ ਛੁੱਟੀ ਨਾ ਹੋਣ ਕਾਰਨ ਇਹਨਾਂ ਨੂੰ ਵਾਪਸ ਜਾਣਾ ਪਿਆ। ਦੋਬਾਰਾ ਜਨਵਰੀ 1963 ਨੂੰ ਲੰਮੀ ਛੁੱਟੀ ਦੌਰਾਨ ਆਪਣੇ ਪਰਿਵਾਰ ਤੇ ਬੇਟੇ ਦਾ ਹਾਲ-ਚਾਲ ਸਾਂਝਾ ਕੀਤਾ। ਇਸ ਤੋਂ ਅੰਦਾਜ਼ਾ ਜਿਹਾ ਲਾਇਆ ਜਾ ਸਕਦਾ ਸੀ ਕਿ ਅਮਰਜੀਤ ਲਈ ਆਪਣੇ ਪਰਿਵਾਰ ਤੋਂ ਜ਼ਿਆਦਾ ਅਹਿਮੀਅਤ ਆਪਣੇ ਦੇਸ਼ ਲਈ ਡਿਊਟੀ ਨੂੰ ਸੀ। ਇਸ ਸਮੇਂ ਦੌਰਾਨ ਇਹ ਅੰਬਾਲੇ ਪੋਸਟਡ ਸਨ। ਤੇ ਆਪਣੇ ਪਰਿਵਾਰ ਨੂੰ ਵੀ ਅੰਬਾਲੇ ਲੈ ਗਏ। ਅਮਰਜੀਤ ਖ਼ਤਰੇ-ਔਕੜਾਂ ਡੋਲਣ ਵਾਲਾ ਇਨਸਾਨ ਨਹੀਂ ਸੀ। ਕਹਿੰਦੇ ਨੇ ਕਿ ਜਦ ਕਦੀ ਵੀ ਡਿਊਟੀ ਦੌਰਾਨ ਕੋਈ ਔਕੜ-ਮੁਸੀਬਤ ਖੜ੍ਹੀ ਹੋ ਜਾਂਦੀ ਸੀ ਤਾਂ ਉਸਦੇ ਚਿਹਰੇ ਦੀ ਰੌਣਕ ਤੇ ਰੰਗਤ ਬਦਲ ਜਾਇਆ ਕਰਦੀ ਸੀ। ਸੂਝਵੇਂ

ਜੋਸ਼ ਤੇ ਵਿਵੇਕ ਦਾ ਅਮਰਜੀਤ ਨੇ ਕਈ ਵਾਰ ਔਕੜਾਂ ਦੌਰਾਨ ਸਬੂਤ ਦਿੱਤਾ। 1964 ਵਿੱਚ ਦੱਸਦੇ ਨੇ ਕਿ ਅਮਰਜੀਤ ਦਾ ਟੈਸਟ ਰਾਇਡਿੰਗ ਦੌਰਾਨ ਜਹਾਜ਼ ਦਾ ਇੰਜਨ ਬੰਦ ਹੋ ਗਿਆ ਤੇ ਸੇਫ ਲੈਂਡਿੰਗ ਮੁਮਕਿਨ ਨਹੀਂ ਸੀ। ਪਰ ਸੈਟ ਤੇ ਇੰਜਨ ਬੰਦ ਦੀ ਖ਼ਬਰ ਦੇਣ ਬਾਅਦ ਵੀ ਅਮਰਜੀਤ ਨੇ ਲੈਂਡਿੰਗ ਦਾ ਵਿਚਾਰ ਨਹੀਂ ਛੱਡਿਆ। ਤੇ ਸੈਟ ਤੇ ਅੱਡਾ ਖ਼ਾਲੀ ਕਰ ਦੇਣ ਦਾ ਮੈਸੇਜ਼ ਪਾਸ ਕਰ ਕੇ ਲੈਂਡਿੰਗ ਲਈ ਤਿਆਰ ਹੋ ਗਿਆ। ਰਨਵੇ ਤੇ ਥੋੜ੍ਹੇ ਜਿਹੇ ਨੁਕਸਾਨ ਤੋਂ ਬਿਨਾਂ ਕਿਸੇ ਵੱਡੇ ਹਾਦਸੇ ਤੋਂ ਲਗਭਗ ਸੇਫ ਲੈਂਡਿੰਗ ਅਮਰਜੀਤ ਨੇ ਏਅਰਫੋਰਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੀਤੀ ਜੋ ਕਿ ਏਅਰਫੋਰਸ ਦੇ ਰੂਲਾਂ ਮੁਤਾਬਕ ਅਨੁਸ਼ਾਸਨ ਹੀਣਤਾ ਸੀ ਪਰ ਜਵਾਬ ਦੇਹੀ ਵੇਲੇ ਅਮਰਜੀਤ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿ ਉਸਨੂੰ ਲੱਗਦਾ ਸੀ ਕਿ ਜਹਾਜ ਉਸ ਦੇ ਕੰਟਰੋਲ ਵਿੱਚ ਆ ਰਿਹਾ ਹੈ। ਤੇ ਮੈਂ ਇਸ ਨੂੰ ਸੇਫ਼ ਲੈਂਡ ਕਰਵਾ ਸਕਦਾ ਹਾਂ। ਜਿਸ ਕਾਰਨ ਮੈਂ ਇਸ ਨੂੰ ਛੱਡ ਦੇਣ ਦੀ ਬਜਾਏ ਲੈਂਡਿੰਗ ਬਾਰੇ ਸੋਚਿਆ। ਇਸ ਸ਼ਲਾਘਾਯੋਗ ਕਾਰਜ ਦੀ ਥਾਪਣਾ ਵਜੋਂ ਇਹਨਾਂ ਨੂੰ ਵਾਯੂ ਸੈਨਾ ਮੈਡਲ ਨਾਲ ਸਨਮਾਨਿਆ ਗਿਆ। ਇਸ ਤੋਂ ਪਹਿਲਾਂ ਵੀ 1958 ਵਿੱਚ ਬਰੇਲੀ ਦੇ ਨਜਦੀਕ ਕਿਸੇ ਤਕਨੀਕੀ ਨੁਕਸ ਦੇ ਚਲਦਿਆਂ ਹੀ ਸੇਫ ਲੈਂਡਿੰਗ ਦੇ ਕਾਰਨਾਮੇ ਨੂੰ ਅੰਜਾਮ ਦੇ ਚੁੱਕੇ ਸਨ ਅਤੇ ਏਅਰ ਫੋਰਸ ਵੱਲੋਂ ਆਰਗਨਾਇਜ਼ ਕੀਤੇ ਲੋ ਫਲਾਇੰਗ ਕੰਪੀਟੀਸ਼ਨ ਦੌਰਾਨ ਰਡਾਰ ਦੀ ਕਵਰਿੰਗ ਤੋਂ ਬਚ ਕੇ ਇਕ ਖਾਈ ਦੇ ਰਸਤੇ ਫਿਕਸ ਟਾਰਗੇਟ ਅਚੀਵ ਕਰਨ ’ਤੇ ਵੀ ਇਨਾਮੀ ਤਗਮੇ ਆਪਣੇ ਨਾਵੇਂ ਕਰਵਾ ਚੁੱਕੇ ਸਨ। ਜਿਸ ਦੀ ਸ਼ਾਬਾਸ਼ੀ ਵਜੋਂ ਏਅਰ ਫੋਰਸ ਵੱਲੋਂ ਇਹਨਾਂ ਨੂੰ ਸਨਮਾਨਿਆ ਵੀ ਗਿਆ ਸੀ। ਇਸ ਤਰ੍ਹਾਂ ਦੇ ਖ਼ਾਸ ਮੌਕੇ ਆਮ ਹੀ ਅਮਰਜੀਤ ਦੇ ਹੱਥ ਆ ਜਾਇਆ ਕਰਦੇ ਸਨ ਤੇ ਅਮਰਜੀਤ ਨੇ ਸਦਾ ਹੀ ਇਸ ਤਰ੍ਹਾਂ ਦੇ ਮੁਸ਼ਕਿਲ ਮੌਕਿਆਂ ਵਿੱਚ ਧੀਰਜ ਗਵਾ ਕੇ ਔਕੜ ਤੋਂ ਮੂੰਹ ਫੇਰ ਕੇ ਬੈਠਣ ਦੀ ਬਜਾਇ ਡਟ ਕੇ ਇਹਨਾਂ ਦਾ ਮੁਕਾਬਲਾ ਕਰ ਕੇ ਹਾਲਾਤ ਤੇ ਫਤਹਿ ਦਾ ਪਰਚਮ ਲਹਿਰਾ ਪੰਜਾਬੀਆਂ ਦੇ ਮਾਣ ਤੇ ਗ਼ੈਰਤ ਨੂੰ ਵਧਾਇਆ ਹੈ। ਸੰਨ 1965 ਵਿੱਚ ਭਾਰਤ-ਪਾਕ ਦੀ ਖ਼ੂਨੀ ਜੱਦੋ-ਜ਼ਿਹਦ ਛਿੜੀ ਤੇ ਪੂਰੀ ਅੰਬਾਲਾ ਅਰੇਂਜਮੈਂਟ ਪਠਾਨਕੋਟ ਸ਼ਿਫਟ ਕਰ ਦਿੱਤੀ ਗਈ। ਜਿਸ ਦੌਰਾਨ ਅਮਰਜੀਤ ਨੂੰ ਪਠਾਨਕੋਟ ਜਾਣਾ ਪਿਆ। ਪਰ ਪਰਿਵਾਰ ਅੰਬਾਲੇ ਹੀ ਸੀ, ਇਸ ਜੰਗ ਦੇ ਦੌਰਾਨ ਅੱਠ ਚੋਂਣਵੇ ਫਲਾਂਇੰਗ ਅਫ਼ਸਰਾਂ ਦੀ ਟੀਮ ਬਣਾਈ ਗਈ। ਇਸ ਮਿਸ਼ਨ ਦੇ ਪਹਿਲੇ ਅਟੈਕ ਨੂੰ ਅੰਜਾਮ ਦੇਣ ਲਈ ਕਿਲਰ ਦੇ ਨਾਲ ਅਮਰਜੀਤ ਦਾ ਨਾਮ ਨੋਮੀਨੇਟ ਕੀਤਾ ਗਿਆ। ਹਮਲੇ ਦੌਰਾਨ ਕਿਲਰ ਅੱਗੇ ਸੀ ਤੇ ਅਮਰਜੀਤ ਇਸ ਨੂੰ ਕਵਰ ਫਾਇਰ ਦੇ ਰਿਹਾ ਸੀ। ਪਰ ਟਾਰਗੇਟ ਅਚੀਵ ਕਰਨ ਤੋਂ ਪਹਿਲਾਂ ਹੀ ਕਿਲਰ ਦੇ ਜਹਾਜ ਦੀ ਗੰਨ ਸੀਜ਼ ਹੋ ਚੁੱਕੀ ਸੀ। ਵਾਇਰਲੈਸ ਸੈਟ ’ਤੇ ਹੋਈ ਵਾਰਤਾ ਦੌਰਾਨ ਅਮਰਜੀਤ ਨੇ ਕਿਲਰ ਨੂੰ ਕਵਰ ਦੇਣ ਲਈ ਕਿਹਾ। ਤੇ ਆਪ ਅੱਗੇ ਹੋ ਕਿ ਜਹਾਜ ਸ਼ੂਟ ਡਾਊਨ ਕਰਨ ਦੇ ਕਾਰਨਾਮੇ ਨੂੰ ਅੰਜਾਮ ਦਿੱਤਾ। ਪਰ ਇਹਨਾਂ ਦੇ ਵਾਪਸ ਪਰਤਨ ਤੋਂ ਪਹਿਲਾਂ ਤਕਨੀਕੀ ਖਰਾਬੀ ਦੇ ਚਲਦੇ ਸਹੀ ਜਾਣਕਾਰੀ ਨਾ ਮਿਲਣ ਦੇ ਕਾਰਨ ਜਹਾਜ ਸੂਟ ਡਾਊਨ ਕਰਨ ਦਾ ਸਿਹਰਾ ਕਿਲਰ ਦੇ ਸਿਰ ਸਜਾ ਦਿੱਤਾ ਗਿਆ ਸੀ। ਅਮਰਜੀਤ ਤੇ ਕਿਲਰ ਦੇ ਪਰਤਣ ਤੱਕ ਇਹ ਖ਼ਬਰ ਰੇਡਿਓ ਚੈਨਲਾਂ ਤੇ ਅਨਾਊਂਸ ਹੋ ਚੁੱਕੀ ਸੀ। ਇਸ ਖ਼ਬਰ ਦੀ ਭਿਣਕ ਜਦੋਂ ਰਵੇਲ ਸਿੰਘ ਹੁਰਾਂ ਨੂੰ ਹੋਈ ਤਾਂ ਉਹ ਪੂਰਨ ਸਿੰਘ ਜੋ ਕਿ ਇੱਕ ਆਈ.ਜੀ.ਪੀ. ਰੈਂਕ ਆਫੀਸਰ ਨੂੰ ਲੈ ਕਿ ਅਮਰਜੀਤ ਕੋਲ ਪੁੱਜੇ ਤੇ ਆਪਣੇ ਪੁੱਤਰ ਦੇ ਕੀਤੇ ਕਾਰਨਾਮੇ ਦੀ ਸ਼ਾਬਾਸ਼ੀ ਕਿਲਰ ਨੂੰ ਮਿਲਣ ਤੇ ਅਮਰਜੀਤ ਕੋਲ ਅਫਸੋਸ ਜ਼ਾਹਰ ਕੀਤਾ। ਪਰ ਅਮਰਜੀਤ ਨੇ ਇਸ ਗੱਲ ਨੂੰ ਏਅਰਫੋਰਸ ਦੀ ਸ਼ਾਨ ਦੇ ਖ਼ਿਲਾਫ਼ ਸਮਝਦੇ ਹੋਏ ਪਿਤਾ ਰਵੇਲ ਸਿੰਘ ਨੂੰ ਇਸ ਗੱਲ ਨੂੰ ਭੁੱਲ ਜਾਣ ਬਾਰੇ ਜੋਰ ਦਿੱਤਾ ਤੇ ਕਿਹਾ ਕਿ ਜੇਕਰ ਮੈਂ ਤੁਹਾਡਾ ਪੁੱਤਰ ਹਾਂ ਤਾਂ ਕਿਲਰ ਵੀ ਤੁਹਾਡਾ ਹੀ ਪੁੱਤਰ ਹੈ। ਇਨਾਮ ਭਾਵੇਂ ਕਿਸੇ ਵੀ ਪੁੱਤਰ ਨੂੰ ਮਿਲੇ ਪਰ ਪਿਤਾ ਲਈ ਇੱਕੋ ਜਿਹਾ ਗੌਰਵ ਹੋਣਾ ਚਾਹੀਦੈ। ਤੇ ਨਾਲ ਹੀ ਪਿਤਾ ਰਵੇਲ ਸਿੰਘ ਨੂੰ ਵਚਨ ਵੀ ਦਿੱਤਾ ਕਿ ਮੇਰੇ ਬਾਹੂ ਅਜੇ ਜ਼ੋਰ ਤੋਂ ਹੀਣੇ ਨਹੀਂ, ਜੇ ਇਹਨਾਂ ਵਿੱਚ ਜਾਨ ਹੋਈ ਤੇ ਮੈਂ ਤੁਹਾਡੀ ਪੱਗ ਦੀ ਲਾਜ ਰੱਖਾਂਗਾ ਅਤੇ ਵੀਰ ਚੱਕਰ ਲੈ ਕਿ ਹੀ ਘਰ ਪਰਤਾਂਗਾ। ਇਸ ਤੋਂ ਬਾਅਦ ਅਮਰਜੀਤ ਨੇ ਮੁੜ ਅਟੈਕ ਕੀਤਾ ਤੇ ਇਕ ਹੋਰ ਜਹਾਜ਼ ਸ਼ੂਟ ਡਾਊਨ ਕਰਨ ਤੋਂ ਬਾਅਦ ਆਪਣੀ ਅਣਖ਼-ਗ਼ੈਰਤ ਤੇ ਫੌਲਾਦੀ ਹੌਂਸਲੇ ਦਾ ਸਬੂਤ ਦਿੱਤਾ। ਇਸ ਕਾਰਨਾਮੇ ਨੂੰ ਮੁੜ ਤਮਾਮ ਰੇਡੀਉ ਚੈਨਲਾਂ ’ਤੇ ਅਨਾਊਂਸ ਕੀਤਾ ਗਿਆ।

ਇਸੇ ਜੰਗ ਦੇ ਇੱਕ ਅਟੈਕ ਦੇ ਦੌਰਾਨ ਅਮਰਜੀਤ ਦਾ ਜਹਾਜ਼ ਘੇਰ ਲਿਆ ਗਿਆ। ਇਸ ਨੂੰ ਜਹਾਜ਼ ਲੈਂਡ ਕਰਨ ਦਾ ਹੁਕਮ ਦਿੱਤਾ ਗਿਆ। ਅਮਰਜੀਤ ਲੈਂਡਿੰਗ ਲਈ ਤਿਆਰ ਹੋ ਗਿਆ। ਹੌਲੀ-ਹੌਲੀ ਲੈਂਡਿੰਗ ਹੁੰਦੀ ਦੌਰਾਨ ਜਦੋਂ ਦੁਸ਼ਮਣਾਂ ਨੂੰ ਇਹ ਯਕੀਨ ਹੋ ਗਿਆ ਕਿ ਹੁਣ ਅਮਰਜੀਤ ਲੈਂਡ ਕਰ ਜਾਏਗਾ ਤਾਂ ਦੁਸ਼ਮਣਾਂ ਨੇ ਆਪਣੀ ਪਕੜ ਨੂੰ ਢਿੱਲ ਦੇ ਦਿੱਤੀ। ਕਿਉਂਕਿ ਉਹਨਾਂ ਨੂੰ ਯਕੀਨ ਹੋ ਚੁੱਕਾ ਸੀ ਕਿ ਹੁਣ ਇਹ ਭੱਜ ਨਹੀਂ ਸਕਦਾ ਪਰ ਅਮਰਜੀਤ ਦੇ ਦਿਲ ਦੀ ਅਮਰਜੀਤ ਹੀ ਜਾਣਦਾ ਸੀ। ਸ਼ਿਕੰਜਾ ਢਿੱਲਾ ਪਿਆ ਤੇ

ਅਮਰਜੀਤ ਨੇ ਵੈਰੀਆਂ ਦਾ ਘੇਰਾ ਤੋੜ ਕੇ ਵਾਪਸ ਉੜਾਨ ਭਰ ਲਈ। ਅਮਰਜੀਤ ਜਾਣਦਾ ਸੀ ਕਿ ਦੁਸ਼ਮਣ ਦੇ ਘੇਰਾ ਪਾਉਣ ਵਾਲੇ ਤਮਾਮ ਜਹਾਜ਼ ਭਾਰੀ ਨੇ ਅਤੇ ਵਾਪਸ ਟੇਕ ਆਫ਼ ਕਰਨ ਵਿਚ ਕਾਫ਼ੀ ਸਮਾਂ ਲੈਂਦੇ ਨੇ। ਜਿਸ ਦਾ ਫਾਇਦਾ ਅਮਰਜੀਤ ਨੇ ਆਪਣੇ ਵਿਵੇਕ ਤੇ ਹੌਂਸਲੇ ਨਾਲ ਬਾਖ਼ੂਬੀ ਲਿਆ। ਇਹ ਕਾਰਨਾਮਾ ਵੀ ਫੌਜ ਦੇ ਅਫ਼ਸਰਾਂ ਵੱਲੋਂ ਭਰਪੂਰ ਸਲਾਹਿਆ ਗਿਆ ਕਿ ਐਡੇ ਘੇਰੇ 'ਚੋਂ ਸੇਫ਼ ਨਿਕਲ ਜਾਣਾ ਕਿਸੇ ਫੌਲਾਦੀ ਹੌਂਸਲੇ ਵਾਲੇ ਬੇਬਾਕ ਸੂਰਵੀਰ ਤੋਂ ਬਿਨਾ ਕਿਸੇ ਹੋਰ ਦਾ ਨਹੀਂ। ਇਸ ਕਾਰਨਾਮੇ ਦੀ ਸ਼ਲਾਘਾ ਵਜੋਂ ਪਾਕਿਸਤਾਨੀ ਹਕੂਮਤ ਵੱਲੋਂ ਵੀ ਅਮਰਜੀਤ ਨੂੰ ਇਕ ਲੱਖ ਰੁਪਏ ਦਾ ਅਮਰਜੀਤ ਸਿੰਘ ਸੰਧੂ ਨੂੰ 'ਸ਼ਾਹ-ਸੰਧੂ' ਦੇ ਇਨਾਮ ਅਨਾਊਂਸ ਕੀਤਾ ਗਿਆ ਤੇ ਖ਼ਿਤਾਬ ਨਾਲ ਨਿਵਾਜ਼ ਦਿੱਤਾ ਗਿਆ। ਦੱਸਦੇ ਨੇ ਕਿ ਜਦੋਂ 1965 ਦੀ ਜੰਗ ਅਨਾਊਂਸ ਹੋਈ ਤੇ ਅਟੈਕ ਲਈ ਫਲਾਇੰਗ ਆਫ਼ੀਸਰਾਂ ਨੂੰ ਸੱਦੇ ਭੇਜੇ ਗਏ, ਉਸ ਵੇਲੇ ਅਮਰਜੀਤ ਡਾਇਨਿੰਗ ਟੇਬਲ 'ਤੇ ਡਿਨਰ ਵਿੱਚ ਮਸ਼ਗੂਲ ਸਨ। ਪਰ ਜੰਗ ਦੀ ਖ਼ਬਰ ਸੁਣ ਕੇ ਅਮਰਜੀਤ ਨੇ ਟੇਬਲ ਛੱਡ ਦਿੱਤਾ ਤੇ ਜੋਸ਼ ਵਿੱਚ ਇਹਨਾਂ ਦੇ ਚੇਹਰੇ ਦੀ ਲਾਲੀ ਤੇ ਰੰਗਤ ਦੂਣੀ ਹੋ ਗਈ।

ਇਸ ਗੱਲ ਦੇ ਸਿੱਟੇ ਨੂੰ ਯੂਨਾਇਟਿਡਨੇਸ਼ਨ ਔਰਗਨਾਈਜ਼ੇਸ਼ਨ ਦੇ ਮੁਆਇਨਾ ਕਰਨ ਆਏ ਮੈਂਬਰਾਂ ਨੇ ਵੀ ਕਬੂਲਿਆ ਹੈ ਕਿ ਓਨਾ ਨੁਕਸਾਨ ਸਾਰੇ ਹਿੰਦੋਸਤਾਨ ਦਾ ਨਹੀਂ ਹੋਇਆ ਜਿੰਨਾ ਇਕੱਲੇ ਸਰਗੋਧੇ ਦਾ ਕੀਤਾ ਗਿਆ ਹੈ। ਸਤੰਬਰ ਵਿਚ ਸੀਜ਼ ਫਾਇਰ ਹੋਣ ਬਾਅਦੋਂ ਅਮਰਜੀਤ ਦੀ ਵੀਰਤਾ ਨੂੰ ਦਿਸੰਬਰ 1965 ਵਿੱਚ ਮਾਣਯੋਗ ਰਾਸ਼ਟਰਪਤੀ ਸ੍ਰੀ ਰਾਧਾ ਕ੍ਰਿਸ਼ਨਨ ਵੱਲੋਂ ਵੀਰ ਚੱਕਰ ਜਹੇ ਸਲਊਟਡ ਸਨਮਾਨ ਵਜੋਂ ਨਵਾਜਿਆ ਗਿਆ।

ਇਸ ਜੰਗ ਤੋਂ ਬਾਅਦ ਹਿੰਦ ਵੱਲੋਂ ਆਪਣੀ ਤਾਕਤ ਵਧਾਉਣ ਲਈ ਮਿਗ-21 ਦਾ ਆਯਾਤ ਕੀਤਾ ਗਿਆ ਤੇ ਟ੍ਰੇਨਿੰਗ ਲਈ ਅਮਰਜੀਤ ਦਾ ਨਾਂ ਦਿੱਤਾ ਗਿਆ। ਆਪਣੀ ਪੋਸਟਿੰਗ ਬਦਲ ਜਾਣ ਤੇ ਅਮਰਜੀਤ ਪਰਿਵਾਰ ਸਮੇਤ ਹਲਵਾਰੇ ਤੋਂ ਇਲਾਹਾਬਾਦ ਆ ਗਏ। ਡਿਊਟੀ ਵਜੋਂ 1966 ਵਿੱਚ ਅਮਰਜੀਤ ਨੂੰ ਮਿਗ-21 ਦੀ ਟ੍ਰੇਨਿੰਗ ਲਈ ਇੰਗਲੈਂਡ ਭੇਜ ਦਿੱਤਾ ਗਿਆ। ਪਹਿਲਾਂ ਆਪ ਉਥੋਂ ਇਸ ਬਾਰੇ ਮੁਹਾਰਤ ਹਾਸਲ ਕਰ ਕੇ ਆਏ। ਫਿਰ ਸਰਜ਼ਮੀਂ ਤੇ ਮਿਗ-21 ਦੀ ਟ੍ਰੇਨਿੰਗ ਦੇਣ ਲੱਗੇ। ਇੰਗਲੈਂਡ ਤੋਂ ਪਰਤਦਿਆਂ ਹੀ ਇਹਨਾਂ ਦੀ ਪੋਸਟਿੰਗ ਤੇਜ਼ਪੁਰ (ਆਸਾਮ) ਕਰ ਦਿੱਤੀ ਗਈ। ਜਿਸ ਦੌਰਾਨ ਆਪਣੇ ਲੜਕੇ ਨੂੰ ਇਹਨਾਂ ਨੇ ਸਨਾਵਰ (ਸ਼ਿਮਲਾ) ਹੌਸਟਲ ਵਿੱਚ ਦਾਖ਼ਲ ਕਰਵਾ ਦਿੱਤਾ। ਕੁਝ ਚਿਰ ਬਾਅਦ ਤੇਜ਼ਪੁਰ ਤੋਂ ਇਹਨਾਂ ਦੀ ਪੋਸਟਿੰਗ ਮੁੜ ਅੰਬਾਲੇ ਕਰ ਦਿੱਤੀ ਗਈ। ਇਸੇ ਸਮੇਂ 4 ਜਨਵਰੀ 1971 ਨੂੰ ਇਹਨਾਂ ਦੇ ਦੂਸਰੇ ਬੇਟੇ ਅਜਯਪਾਲ ਦਾ ਜਨਮ ਮਿਲਟਰੀ ਹਸਪਤਾਲ ਅੰਬਾਲਾ ਕੈਂਟ ਵਿੱਚ ਹੋਇਆ ਤੇ ਇਹਨਾਂ ਦੀ ਪੋਸਟਿੰਗ ਵੀ ਪਠਾਨਕੋਟ ਕਰ ਦਿੱਤੀ ਗਈ ਤੇ ਇਹਨਾਂ ਨੂੰ ਵਿੰਗ ਕਮਾਂਡਰ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਇਸ ਦੀ ਪਾਰਟੀ ਦੇ ਦੌਰਾਨ ਕਲੱਬ 'ਚੋਂ ਫਲਾਈਟ ਲੈਫਟੀਨੈਂਟ ਹਰਬੰਸ ਸਿੰਘ ਆਪਣੀ ਪਤਨੀ ਨਾਲ ਅਮਰਜੀਤ ਦੇ ਘਰ ਤੱਕ ਆਏ। ਅਮਰਜੀਤ ਖੁਸ਼ ਮਿਜ਼ਾਜ਼ੀ ਵਿੱਚ ਸਹਿਜ ਸੁਭਾਅ ਕਈ ਵਾਰ ਬੜਾ ਪੇਚੀਦਾ ਮਜ਼ਾਕ ਕਰ ਦਿਆ ਕਰਦੇ ਸਨ। ਹਾਸੇ-ਭਾਣੇ ਉਸ ਦਿਨ ਵੀ ਅਮਰਜੀਤ ਨੇ ਫਲਾਈਟ ਲੈਫਟੀਨੈਂਟ ਦੀ ਪਤਨੀ ਰਾਜ ਨੂੰ ਕਿਹਾ ਕਿ ਹੁਣ ਤਾਂ ਚਰਨ ਕੋਲ ਦੋ ਬੇਟੇ ਨੇ ਖ਼ੁਦਾ ਨਾ ਖ਼ਾਸਤਾ ਮੈਨੂੰ ਕੁਝ ਹੋ ਜਾਵੇ ਚਲੋ ਮੇਰੀ ਥੁੜ ਤਾਂ ਮਹਿਸੂਸ ਨਹੀਂ ਹੋਵੇਗੀ। ਪਰ ਰਾਜ ਨੇ ਵੀ ਉਹਨਾਂ ਦੇ ਜਵਾਬੀ ਮਜ਼ਾਕੀਆ ਲਹਿਜੇ ਵਿੱਚ ਹੀ ਕਿਹਾ ਕਿ ਤੁਹਾਡੀ ਥਾਂ ਸਿਰਫ਼ ਤੁਸੀਂ ਹੋ ਚਰਨ ਲਈ ਹੋਰ ਕੋਈ ਨਹੀਂ। ਪਰ ਕਿਸੇ ਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਸੀ ਕਿ ਬੜੀ ਕੜਵੀ ਸੱਚਾਈ ਸ਼ਾਹ ਸੰਧੂ ਆਪਣੀ ਜ਼ੁਬਾਨੀ ਹਾਸੇ ਭਾਣੇ ਕਹਿ ਗਿਆ ਹੈ। ਉਸ ਦਿਨ ਦੋਸਤਾਂ ਦੇ ਜਾਣ ਬਾਅਦ ਅਮਰਜੀਤ ਨੇ ਸੋਣ ਲੱਗਿਆਂ ਸਵੀਟ ਡਿਸ਼ ਵਜੋਂ ਇੱਕ ਬਰਫ਼ੀ ਦਾ ਟੁੱਕੜਾ ਤਾਂ ਲਿਆ ਪਰ ਥੋੜ੍ਹਾ ਜਿਹਾ ਚਖ ਕੇ ਛੱਡ ਦਿੱਤਾ। ਅਮਰਜੀਤ ਨੂੰ ਇੰਜ ਮਹਿਸੂਸ ਹੋਇਆ ਕਿ ਜਿਵੇਂ ਉਸ ਦਾ ਦਿਲ ਜਿਹਾ ਖਲੋ ਰਿਹਾ ਹੋਵੇ ਤੇ ਘਬਰਾਹਟ ਤੇ ਬੇਚੈਨੀ ਕਾਰਨ ਆਵਾਜ਼ਾਰੀ ਦਾ ਜਿਕਰ ਵੀ ਉਸ ਨੇ ਆਪਣੀ ਪਤਨੀ ਚਰਨਜੀਤ ਕੋਲ ਕੀਤਾ।

ਸੰਨ 1971 ਵਿੱਚ ਹੀ ਮੁੜ ਖ਼ੂਨ ਦੀ ਹੋਲੀ ਖੇਡੀ ਗਈ। ਭਾਰਤ-ਪਾਕ ਦੀ ਜੰਗ ਫਿਰ ਛਿੜ ਗਈ। ਇਤਿਹਾਸ ਦੇ ਉਹ ਕਾਲੇ ਪੰਨਿਆਂ ਦੀਆਂ ਪੀੜਾਂ ਨੂੰ ਦੋਹਰਾਇਆ ਗਿਆ। ਇਸ ਸਮੇਂ ਦਾ ਉਜਾੜਿਆਂ ਦਾ ਹੜ੍ਹ ਆਪਣੇ ਨਾਲ ਕਾਫ਼ੀ ਕੁਝ ਐਸਾ ਰੋੜ੍ਹ ਕੇ ਲੈ ਗਿਆ ਜਿਸ ਦੀ ਥੁੜ ਸ਼ਾਇਦ ਕਦੀ ਵੀ ਪੂਰੀ ਨਹੀਂ ਜਾ ਸਕਦੀ। ਸ਼ਾਇਦ ਰਹਿੰਦੇ ਸਾਹਾਂ ਤੀਕ ਉਸ ਦਾ ਖਾਲੀਪਨ ਮਹਿਸੂਸ ਹੁੰਦਾ ਰਹੇਗਾ। ਬਲੈਕ ਆਉਟ ਦੌਰਾਨ 'ਸ਼ਾਹ-ਸੰਧੂ' ਨੂੰ ਉਡਾਨ ਭਰਨ ਦੀ ਮਨਾਹੀ ਸੀ। ਪਰ ਇਕ ਦਿਨ ਸ਼ਾਮੀਂ ਸੱਤ ਕੁ ਵਜੇ ਰੋਟੀ ਪਰੋਸੀ ਛੱਡ ਕੇ ਅਮਰਜੀਤ ਫਲਾਇੰਗ ਲਈ ਚਲਾ ਗਿਆ। ਰਨਵੇ 'ਤੇ ਆਪਣੇ ਗਰੁੱਪ ਕੈਪਟਨ ਜਾਨੀ ਗ੍ਰੀਨ ਨਾਲ ਬਹਿਸ ਦੇ ਬਾਵਜੂਦ ਵੀ ਸ਼ਾਹ ਸੰਧੂ ਬਲੈਕ ਆਊਟ ਚੈਕਿੰਗ ਤੇ ਨਿਕਲ ਗਿਆ।

ਸੈੱਟ ਅਪਰੇਟਰਾਂ ਦੇ ਕਹਿਣ ਮੁਤਾਬਿਕ ਪਲੈਨ ਵਿੱਚ ਅਮਰਜੀਤ ਨੇ ਥੋੜ੍ਹਾ ਜਿਹਾ ਆਪਣੀ ਤਬੀਅਤ ਦੇ ਖ਼ਰਾਬ ਹੋਣ ਦਾ ਜ਼ਿਕਰ ਕੀਤਾ ਪਰ ਫਿਰ ਅਚਾਨਕ ਆਈ ਟੈਕਨੀਕਲ ਰੁਕਾਵਟ ਕਾਰਨ ਉਹਨਾਂ ਦੀ ਬਹੁਤੀ ਗੱਲਬਾਤ ਸੁਣੀ ਨਹੀਂ ਜਾ ਸਕੀ। ਇਹ 24 ਸਤੰਬਰ 1971 ਦੀ ਉਡਾਨ ਸ਼ਾਹ ਸੰਧੂ ਅਮਰਜੀਤ ਸਿੰਘ ਦੀ ਆਖ਼ਰੀ ਉਡਾਨ ਸੀ। ਜੋ ਪਠਾਨਕੋਟੋਂ ਭਰੀ ਗਈ ਤੇ ਮੁਕੇਰੀਆਂ ਇਹ ਜਹਾਜ਼ ਕ੍ਰੈਸ਼ ਹੋ ਗਿਆ। ਅਜੇ ਹਿੰਦੋਸਤਾਨ ਸਰਕਾਰ ਇਹਨਾਂ ਦੀ ਤਲਾਸ਼-ਭਾਲ ਵਿਚ ਮਸ਼ਗੂਲ ਸੀ ਪਰ ਪਾਕਿਸਤਾਨ ਰੇਡੀਉ ਤੇ ਸ਼ਾਹ ਸੰਧੂ ਦੇ ਪਲੇਨ ਕ੍ਰੈਸ਼ ਵਿੱਚ ਸ਼ਹੀਦ ਹੋ ਜਾਣ ਦੀ ਖ਼ਬਰ ਅਨਾਊਂਸ ਕਰ ਦਿੱਤੀ ਗਈ। ਅਮਰਜੀਤ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਦੇਸ਼ ਵਾਸੀਆਂ ਲਈ ਅੱਤ ਪੀੜਾਦਾਇਕ ਸੀ।

ਇਹ ਖ਼ਬਰ ਸੁਣ ਕੇ ਤਮਾਮ ਚਾਹੁਣ ਵਾਲਿਆਂ ਨੂੰ ਅਮਰਜੀਤ ਵਿਸਰ ਕੇ ਜਾਂਦਾ ਇਉਂ ਜਾਪਿਆ ਜਿਵੇਂ ਹਰ ਜੀਦੀਂ ਦੇਹ 'ਚੋਂ ਕਿਸੇ ਨੇ ਸਾਹਾਂ ਦੀ ਤੰਦ ਧੂਹ ਕੇ ਬਾਹਰ ਕੱਢ ਲਈ ਹੋਵੇ। ਸਾਰੇ ਹਿੰਦੋਸਤਾਨ ਵਿੱਚ ਮਾਤਮ ਛਾ ਗਿਆ।

ਸ਼ਾਨ-ਏ-ਹਿੰਦ, ਸ਼ਹੀਦ ਸਰਤਾਜ਼ ਸ਼ਾਹ-ਸੰਧੂ ਸਰੀਰਕ ਰੂਪ ਵਜੋਂ ਮਾਤ ਲੋਕ ਤੋਂ ਕਿਨਾਰਾ ਕਰ ਚੁੱਕਾ ਸੀ। ਇਸ ਹਾਦਸੇ ਤੋਂ ਅਮਰਜੀਤ ਦੀ ਧਰਮ ਪਤਨੀ ਚਰਨਜੀਤ ਕੌਰ ਨੂੰ ਹਿਜ਼ਰ ਦੀ ਭੱਠੀ ਦੀ ਜੋ ਤਪਸ਼ ਸਹਿਣੀ ਪਈ ਉਹ ਉਸ ਤੋਂ ਸਿਵਾ ਕੋਈ ਦੂਸਰਾ ਨਹੀਂ ਬਿਆਨ ਸਕਦਾ! 13 ਸਾਲ ਦੇ ਸਾਥ ਦੌਰਾਨ ਸ਼ਾਹ ਸੰਧੂ ਦੇ ਜ਼ਿਹਨ ਵਿੱਚ ਪਰਿਵਾਰ ਮੋਹ ਤੋਂ ਦੇਸ਼ ਪਿਆਰ ਦਾ ਰੰਗ ਜ਼ਿਆਦਾ ਗੂੜ੍ਹਾ ਰਿਹਾ। ਦੇਸ਼ ਭਗਤੀ ਦੇ ਜਨੂਨ ਵਿੱਚ ਅਮਰਜੀਤ ਘਰ, ਪਰਿਵਾਰ ਦੀਆਂ ਯਾਦਾਂ, ਚਿੰਤਾਵਾਂ ਨੂੰ ਭੁੱਲ ਜਾਇਆ ਕਰਦਾ ਸੀ। ਪਰ ਫੇਰ ਵੀ ਚਰਨਜੀਤ ਨੂੰ ਅਮਰਜੀਤ ਤੋਂ ਕੋਈ ਰੰਜ ਜਾਂ ਗਿਲਾ ਨਹੀਂ ਸੀ। ਕਿਉਂਕਿ ਉਹ ਅਮਰਜੀਤ ਨੂੰ ਬੜੀ ਨੇੜਿਉਂ ਪੜ੍ਹ ਚੁੱਕੇ ਸਨ ਤੇ ਉਹਨਾਂ ਨੂੰ ਐਸੇ ਮਨੁੱਖ ਦੀ ਪਤਨੀ ਹੋਣ 'ਤੇ ਮਾਣ ਸੀ ਜੋ ਕਿ ਆਪਣੇ ਆਪ ਤੋਂ ਵੱਧ ਦੇਸ਼ ਨੂੰ ਅਹਿਮੀਅਤ ਦੇਂਦਾ ਹੈ। ਐਸੇ ਸੂਰਵੀਰ ਰੋਜ਼-ਰੋਜ਼ ਧਰਤੀ 'ਤੇ ਜਣਿਆ ਨਹੀਂ ਕਰਦੇ, ਬੜੀਆਂ ਮੁੱਦਤਾਂ ਦਾ ਤਪ ਐਸੇ ਕੋਹਿਨੂਰ ਇਨਾਇਤ ਵਜੋਂ ਨਵਾਜ਼ਦਾ ਹੈ। ਕਿਸੇ ਸ਼ਾਇਰ ਨੇ ਖੂਬ ਲਿਖਿਆ ਹੈ:

ਹਜ਼ਾਰੋਂ ਸਾਲ ਨਰਗਿਸ, ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ!!

ਇਹ ਅਮਰਜੀਤ ਸਿੰਘ ਸੰਧੂ ਉਹ ਦੀਦਾਵਰ ਸੀ ਜਿਸ ਨੇ ਪੂਰੇ ਹਿੰਦ ਦੇ ਵਿਹੜੇ ਨੂੰ ਮਹਿਕਾਇਆ। ਆਉ, ਮਾਂ ਸਰਜ਼ਮੀਂ ਦੀ ਰਾਖੀ ਲਈ ਆਪਾ ਵਾਰ ਜਾਣ ਵਾਲੇ ਸ਼ਾਨ-ਏ-ਹਿੰਦ ਨੂੰ ਸਿਰ ਨਵਾ ਕਿ ਸੱਜਦਾ ਕਰੀਏ ਤੇ ਸੰਕਲਪ ਲਈਏ ਕਿ ਇਹਨਾਂ ਵਤਨ ਤੋਂ ਹੱਸ-ਹੱਸ ਕੁਰਬਾਨ ਹੋ ਜਾਣ ਵਾਲਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਾਂਗੇ ਅਤੇ ਇਹਨਾਂ ਦੀਆਂ ਕੁਰਬਾਨੀਆਂ ਦੀਆਂ ਪੈੜਾਂ ਦੇ ਨਿਸ਼ਾਨ ਮਿਟਣ ਨਹੀਂ ਦਿਆਂਗੇ। ਇਹ ਸਦਾ ਸਾਡੀਆਂ ਯਾਦਾਂ ਵਿੱਚ ਕਾਇਮ ਰਹਿਣਗੇ:-

ਮੰਜ਼ਿਲਾਂ ਸਰ ਕੀਤੀਆਂ ਮੁਕਾਮ ਸਾਬਤ ਨੇ,
ਪਲ ਸੀ, ਜੋ ਤੇਰੇ ਖ਼ਾਸ, ਬਹੁਤੇ ਆਮ ਸਾਬਤ ਨੇ।
ਜਣਦੇ ਸ਼ਹੀਦਾ ਰੋਜ਼ ਨਹੀਂ ਸੂਰੇ ਤੇਰੇ ਵਰਗੇ,
ਜੋ ਵਤਨ ਤੇ, ਹੋ ਗਏ, ਕੁਰਬਾਨ ਸਾਬਤ ਨੇ।
'ਗ਼ਾਫ਼ਲ' ਦੇ ਵਰਗੇ ਹੋਰ ਵੀ ਤੈਥੋਂ ਮੁਤਾਸਿਰ ਹਾਂ,
ਦਿਲ ਦੀ ਕਿਤਾਬ ਚੋਂ, ਫ਼ੇਰੇ ਅਰਮਾਨ ਸਾਬਤ ਨੇ।
ਸ਼ਾਹ ਸੰਧੂਆ ਦਿੱਤੇ ਤੇਰੇ ਪੈਗ਼ਾਮ ਸਾਬਤ ਨੇ,
ਅੱਜ ਵੀ ਤੇਰੀ ਹਰ ਪੈੜ ਦੇ, ਨਿਸ਼ਾਨ ਸਾਬਤ ਨੇ।


.................................................

## ਬਾਬਾ ਦਰਬਾਰਾ ਸਿੰਘ ਰਾਇਪੁਰ


5. ਉਹੀ - ਸਫਾ ੩੧੯
6. ਲਾਲ ਏਹਿ ਰਤਨ- ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-੩ (ਸੰ: ਪ੍ਰਿੰ. ਬੇਅੰਤ ਕੌਰ) ਸਫਾ- ੨੧੫-੧੬
7. ਲਾਲ ਏਹਿ ਰਤਨ- ਪਵਿਤਰ ਉਪਦੇਸ਼-੪, ਸਫਾ ੧੧੨
8. ਦਾ ਲਾਸਟ ਸੰਨ ਸੈਟ-(ਮਹਾਰਾਜਾ) ਅਮਰਿੰਦਰ ਸਿੰਘ, ਮਾਰਚ-੨੦੧੦, ਲੋਟਸ, ਕੁਲੈਕਸ਼ਨ-ਨਵੀਂ ਦਿੱਲੀ, ਸਫਾ ੨੨੫-੨੬
9. ਲਾਲ ਏਹਿ ਰਤਨ- ੩, ਸਫਾ ੬੩-੭੨
10. ਸਤਿਗੁਰੂ ਬਿਲਾਸ ਭਾਗ 2-ਭਾਈ ਬਾਹੋਵਾਲ, ਸਫਾ ੪੯
11. ਲਾਲ ਏਹਿ ਰਤਨ-੪ ਸਫਾ ੧੧੭
12. ਕੂਕਾ ਮੂਵਮੈਂਟ (ਦਸਤਾਵੇਜ਼-ਸੰ ਜਸਵਿੰਦਰ ਸਿੰਘ) ਸਫਾ ੨੯-੩੧
13. ਸਤਿਗੁਰੂ ਬਿਲਾਸ (ਭਾਗ ੨) ਸਾਫ-੧੯੫
14. ਉਹੀ- ਸਫਾ ੧੯੭
15. ਉਹੀ - ਸਫਾ ੨੧੧-੧੫
16. ਉਹੀ- ਸਫਾ ੨੪੭-੪੮
17. ਉਹੀ - ਸਫਾ ੨੬੩
18. ਉਹੀ- ਸਫਾ ੨੭੭
19. ਲਾਲ ਏਹਿ ਰਤਨ-੫, ਸਫਾ ੬੮


.................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਫੇਰ, ਪੰਡਿਤ ਜੀ ਨੇ ਆਪਣੇ ਕਈ ਨਾਲਾਇਕ ਸ਼ਾਗਿਰਦਾਂ ਦੀਆਂ ਗੱਲਾਂ ਸੁਣਾ ਸੁਣਾ ਕੇ ਸਾਰੀ ਸਭਾ ਨੂੰ ਖੂਬ ਹਸਾਇਆ। ਪਰ ਗੰਭੀਰ ਹੋ ਕੇ ਆਖਿਆ : ਜਿਸ ਗੁਰੂ ਕਾ ਚੇਲਾ ਉਸਦਾ ਨਾਮ ਨਾ ਰੌਸ਼ਨ ਕਰੇ, ਉਹ ਵੀ ਮਰ ਗਿਆ ਸਮਝੋ। ਕਲਾ ਵਿੱਚ ਤਾਂ ਚੇਲੇ ਹੀ ਗੁਰੂ ਨੂੰ ਜ਼ਿੰਦਾ ਰੱਖਦੇ ਹਨ। ਅੱਜ ਕਹੋ ਖਾਂ, ਰਵੀ ਸ਼ੰਕਰ ਨੂੰ ਜਿਉਂਦੇ ਰੱਖਣ ਵਾਲਾ ਕੋਈ ਹੈ ਅਤੇ ਕਿਹੜਾ ਹੈ ਜਿਹੜਾ ਭੀਮਸੈਨ ਜੋਸ਼ੀ ਨੂੰ ਮੁੜ ਕੇ ਵੀ ਲੋਕਾਂ ਦੇ ਧਿਆਨ ਵਿੱਚ ਲਿਆ ਸਕੇ। ਇਹ ਸਭ ਮਰ ਜਾਣਗੇ ਜਿਨ੍ਹਾਂ ਨੂੰ ਯੋਗ ਸ਼ਾਗਿਰਦ ਨਹੀਂ ਮਿਲਿਆ।

ਕਿਸ਼ਨ ਮਹਾਰਾਜ ਦੇ ਕਥਨ ਵਿੱਚ ਕਿੰਨਾ ਕੌੜਾ ਸੱਚ ਸੀ।

ਅਤੇ ਇੰਜ ਦੀਆਂ ਗੱਲਾਂ ਕਰ ਕਰ ਕਿਸ਼ਨ ਮਹਾਰਾਜ ਦਾ ਹਿਰਦਾ ਵਿਹਲਾ ਹੋਇਆ ਤਾਂ ਸੱਚੇ ਪਾਤਸ਼ਾਹ ਜੀ ਨੇ ਮੰਡੀ (ਹਿਮਾਚਲ ਪ੍ਰਦੇਸ) ਦੇ ਸ਼੍ਰੀ ਦੇਵਕੀ ਨੰਦਨ ਗੌਤਮ ਦੇ ਲੜਕੇ ਦੀਪਕ ਚੰਦਨ (19) ਅਤੇ ਸ਼ੰਕਰ ਗੀਤੇ (18) ਸਪੁੱਤਰ ਸ਼੍ਰੀ ਰਘੁਨਾਥ ਰਾਓ ਗੀਤੇ, ਪਿੰਡ ਤੇ ਡਾਕਖਾਨਾ ਬੇਲੰਧਾ, ਜ਼ਿਲ੍ਹਾ ਬੀੜ, ਮਹਾਰਾਸ਼ਟਰ ਨੂੰ ਆਵਾਜ਼ ਦੇ ਕੇ ਸਰੋਤਿਆਂ ਵਿੱਚੋਂ ਉਠਾਇਆ ਅਤੇ ਪੰਡਿਤਾ ਜੀ ਦੇ ਚਰਨਾਂ ਨੂੰ ਛੂਹਣ ਦਾ ਆਦੇਸ਼ ਦਿੱਤਾ। ਕੋਲੋਂ ਪੂਰਬਾ ਜੀ ਨੇ ਇੱਕ ਪਲੇਟ ਪਤਾਸਿਆਂ ਅਤੇ ਦੋ ਮਾਇਆ ਬੰਦ ਲਿਫਾਫਿਆਂ ਦੀ ਬੱਚਿਆਂ ਵਲੋਂ ਭੇਟਾ ਰੱਖੀ ਅਤੇ ਆਪ ਅਰਦਾਸਾ ਸੋਧ ਕੇ ਉਸਤਾਦੀ ਸ਼ਾਗਿਰਦੀ ਕਰਵਾ ਦਿੱਤੀ।

ਸ੍ਰੀ ਸਤਿਗੁਰੂ ਜੀ ਕੋਲ ਵਕਤ ਵਜੋਂ ਬੇਸ਼ੱਕ ਤੰਗੀ ਸੀ ਪਰ 8.30 ਤੱਕ ਉਸਤਾਦੀ ਸ਼ਾਗਿਰਦੀ ਹੋ ਗਈ। ਪੰਡਿਤ ਜੀ ਨੇ ਹਜ਼ੂਰੀ ਵਿੱਚ ਹੀ ਦੋਹਾਂ ਯੁਵਕਾਂ ਤੋਂ ਤਬਲਾ ਵਜਾ ਕੇ ਵੇਖਿਆ ਅਤੇ ਆਖਿਆ : ਪਹਿਲੇ ਨੇ ਕੁਛ ਵਧੇਰੇ ਸਿੱਖਿਆ ਪਾਈ ਹੈ, ਪਰ ਮੈਂ ਤਾਂ ਆਪਣੀ ਲਾਈਨ ਤੇ ਹੀ ਤੋਰਾਂਗਾ। ਬਾਹਰ ਤਕੜਾ ਮੀਂਹ ਪੈ ਚੁੱਕਾ ਸੀ, ਬੂੰਦਾ ਬਾਂਦੀ ਹੁਣ ਵੀ ਜਾਰੀ ਸੀ।

**ਕੌੜਾ ਜੁ ਅਯੋਗ ਵੀ –** ਪਰ ਅੱਜ ਪੰਡਿਤ ਜੀ ਦਾ ਇੱਕ ਜਵਾਬ ਅਯੋਗ ਵੀ ਜਾਪਿਆ। ਬਹੁਤ ਚਿਰ ਪਿੱਛੋਂ ਸਤਿਗੁਰੂ ਜੀ ਨੇ (ਰਾਜਨ ਸਾਜਨ ਬਾਰੇ) "ਆਸ਼ੀਰਵਾਦ ਨਾਲ ਮਿੱਠਤ" ਦੀ ਗੱਲ ਫੜ ਕੇ ਕਹਿਆ ਸੀ : ਤੁਸਾਂ ਕਹਿਆ ਹੈ ਕਿ ਮੇਰੀ ਆਸ਼ੀਰਵਾਦ ਨਾਲ ਕਲਾਕਾਰ ਹੋਰ ਮਿੱਠੇ ਹੋ ਰਹੇ ਹਨ, ਪਰ ਮੇਰੀ ਆਵਾਜ਼ 'ਤੇ ਤਾਂ ਇਸਦਾ ਅਸਰ ਨਹੀਂ ਪਿਆ! ਪੰਡਿਤ ਜੀ ਤੁਰੰਤ ਬੋਲੇ : ਜੇ ਬਹੁਤ ਵੰਡੀ ਜਾਈਏ ਤਾਂ ਖਜ਼ਾਨੇ ਵੀ ਖਾਲੀ ਹੋ ਜਾਂਦੇ ਹਨ ਜਦੋਂ ਕਿ ਕਹਿਣਾ ਵਾਜਬ ਇਹ ਸੀ ਅਤੇ ਇਹ ਮੈਨੂੰ ਹੀ ਕਹਿਣਾ ਪਿਆ ਕਿ ਪ੍ਰੇਮ ਅਤੇ ਸੁਰ ਵੰਡਿਆਂ ਘਟਦਾ ਨਹੀਂ, ਵਧਦਾ ਹੈ।

ਰਾਤ ਦੇ 9 ਵਜੇ ਤੱਕ ਹਾਲ ਇਕਦਮ ਖਾਲੀ ਹੋ ਗਿਆ।

### 17 ਜਨਵਰੀ 1987, ਸ਼ਨੀਵਾਰ
### ਨਵੀਂ ਦਿੱਲੀ

**ਕੱਲ੍ਹ ਦੇ ਕਲਾਕਾਰਾਂ ਨੂੰ –** ਮੈਂ ਪੂਰਬਾ ਤੋਂ ਪਤਾ ਕੀਤਾ ਕਿ ਕੱਲ੍ਹ ਰਾਤ ਵਾਲੇ ਪ੍ਰੋਗਰਾਮਾਂ ਦੇ ਕਲਾਕਾਰਾਂ ਨੂੰ ਕਿੰਨਾ ਕਿੰਨਾ ਕੁਝ ਦਿੱਤਾ ਗਿਆ। ਉਸਨੇ ਦੱਸਿਆ ਕਿ ਉਸਤਾਦੀ-ਸ਼ਾਗਿਰਦੀ ਕਰਵਾਣ ਸਮੇਂ ਪੰ. ਕਿਸ਼ਨ ਮਹਾਰਾਜ ਨੂੰ ਦਿੱਤੇ ਗਏ ਲਿਫਾਫਿਆਂ ਵਿੱਚ 2500-2500 ਰੁਪੈਆ ਸੀ। ਮਿਸ਼ਰਾ ਬੰਧੂਆਂ ਨੂੰ ਤਾਂ ਕੁਛ ਨਹੀਂ ਦਿੱਤਾ ਪਰ ਉਨ੍ਹਾਂ ਨਾਲ ਸੰਗਤ ਕਰ ਰਹੇ ਤੇ ਕਰਨ ਲਈ ਆਏ ਫੈਬਾਜ਼ ਖਾਂ ਅਤੇ ਮਹਿਮੂਦ ਧੌਲਪੁਰੀ ਨੂੰ 400/- 400/- ਦੇ ਲਿਫਾਫੇ ਦਿੱਤੇ। ਸਿੰਘ ਬੰਧੂਆਂ ਦਾ ਆਦਰ

800/- ਨਾਲ, ਸ਼੍ਰੀ ਮਹਿੰਦਰ ਸ਼ਰਮਾ ਨੂੰ 600/- ਅਤੇ ਸ਼੍ਰੀ ਮਧੂ ਮੋਦਗਿਲ ਦਾ ਮਾਣ 500/- ਬਖਸ਼ ਕੇ ਕੀਤਾ ਗਿਆ। ਫੈਬਾਜ਼ ਅਤੇ ਮਹਿਮੂਦ ਨੂੰ ਇੱਕ ਵਾਰ ਪਹਿਲਾਂ ਵੀ ਤਿੰਨ ਤਿੰਨ ਸੌ ਸੇਵਾ ਫਲ ਦਿੱਤਾ ਗਿਆ ਸੀ।

**ਭਾਟੀਆ ਰਾਜਿੰਦਰ ਸਿੰਘ –** 5 ਵਜੇ ਸ਼ਾਮੀ ਕੁਛ ਸਮਾਂ ਸ੍ਰੀ ਸਤਿਗੁਰੂ ਜੀ ਨਾਲ 'ਕੌਮੀ ਏਕਤਾ' ਸੰਪਾਦਕ ਸ. ਰਾਜਿੰਦਰ ਸਿੰਘ ਭਾਟੀਆ ਨੇ ਵੀ ਲਿਆ। ਇਹ ਸੰਗੀਤ ਸਭਾ ਦੇ ਵਕਤ ਵਿੱਚ ਆ ਬੈਠਾ ਸੀ, 10 ਮਿੰਟ ਇਸ ਨਾਲ ਇਕਾਂਤ ਬੈਠੇ। ਜਦੋਂ ਅਸੀਂ ਅੰਦਰ ਆਏ ਇਹ ਚਰਨੀਂ ਹੱਥ ਲਾ, ਮੱਥਾ ਟੇਕ ਬਾਹਰ ਚਲਾ ਗਿਆ। ਪ੍ਰਤੀਤ ਹੁੰਦਾ ਪੰਜਾਬ ਦੇ ਹਾਲਾਤਾਂ ਤੇ ਚਰਚਾ ਹੋਈ ਹੋਵੇਗੀ।

**ਡਾ. ਅਜੀਤ ਸਿੰਘ ਪੈਂਤਲ –** 5.30 ਸ਼ਾਮੀ, ਅੱਜ ਦੀ ਸੰਗੀਤ ਸਭਾ ਦੇ ਸ਼ਿੰਗਾਰ ਸਨ ਦਿੱਲੀ ਯੂਨੀਵਰਸਿਟੀ ਦੇ ਡਾ. ਅਜੀਤ ਸਿੰਘ ਪੈਂਤਲ। ਪਤਲਾ, ਗੋਰਾ ਸਰੀਰ, ਬੱਝੀ ਪਤਲੀ ਦਾੜ੍ਹੀ, ਟੇਢੀ ਕੋਕਾ ਕੋਲਾ ਪਗੜੀ, ਸੁਨਹਿਰੀ ਫਰੇਮ ਐਨਕਾਂ ਡਾ. ਪੈਂਤਲ ਨੇ ਸ੍ਰੀ ਫੈਬਾਜ਼ ਖਾਂ ਦੀ ਤਬਲੇ ਦੀ ਸੰਗਤ ਅਤੇ ਸ਼੍ਰੀ ਮਹਿਮੂਦ ਧੌਲਪੁਰੀ ਦੇ ਪੇਟੀ-ਪਿਛੋਕੜ ਵਿੱਚ ਪੂਰੀਆ ਧਨਾਸਰੀ ਗਾਈ। ਕੋਮਲ ਪਤਲੇ ਮਦੀਨ ਸੁਰ ਵਿੱਚ ਗਾਇਨ। ਬੋਲ : ਪਾਇਲੀਆ ਝੁਨਕਾਰ ਮੋਰੀ। ਇਹ ਵੀ ਉਸਤਾਦ ਅਮੀਰ ਖਾਂ ਸਾਹਿਬ ਦੇ ਸ਼ਾਗਿਰਦ ਹਨ। 6.10 ਤੇ ਜਦੋਂ ਸਮਾਪਤੀ ਹੋਈ ਤਾਂ ਸਤਿਗੁਰੂ ਜੀ ਦੀ ਟਿੱਪਣੀ ਸੀ : ਸਤਿਗੁਰਾਂ ਨੇ ਸਿੱਖਾਂ ਚੋਂ ਸੰਗੀਤ ਦਾ ਬੀ ਨਾਸ ਨਹੀਂ ਹੋਣ ਦਿੱਤਾ। ਅਤੇ ਪੈਂਤਲ ਸਾਹਿਬ ਨੂੰ ਮੁਖ਼ਾਤਿਬ ਹੋਏ : ਪਿਛਲੀ ਵਾਰ 11/10 ਪੂਸਾ ਰੋਡ ਵਿੱਚ ਤੁਹਾਨੂੰ ਸੁਣਿਆ ਸੀ, ਉਸਤੋਂ ਵਧੀਆ ਗਾਏ ਹੋ।

ਸਰੋਤਿਆਂ ਵਿੱਚ ਸਨ : ਸ. ਤੇਜਪਾਲ ਸਿੰਘ (ਸਿੰਘ ਬੰਧੂ), ਪੰ. ਕਿਸ਼ਨ ਮਹਾਰਾਜ, ਮਿਸ਼ਰਾ ਬੰਧੂ, ਸ਼੍ਰੀ ਮਹਿੰਦਰ ਸ਼ਰਮਾ, ਉਸਤਾਦ ਹਰਭਜਨ ਸਿੰਘ, ਸੁਵਕ ਕਲਾਕਾਰ ਗਰੁੱਪ, ਸ਼੍ਰੀ ਘਾਸੀ ਰਾਮ ਚਾਂਦਨੀ ਚੌਂਕ। ਗੁਰੂ ਪਰਵਾਰ ਵਿੱਚੋਂ ਦੋਵੇਂ ਠਾਕੁਰ ਜੀ, ਠਾਕੁਰ ਸ਼ਮਸ਼ੇਰ ਸਿੰਘ ਤੇ ਸ਼੍ਰੀ ਵਲਭ ਵਿਸ਼ੇਸ਼ਰ ਸਿੰਘ ਜੀ। ਆਪ ਸਰੋਤਿਆਂ ਵਿੱਚ ਵਿਸ਼ੇਸ਼ ਸੇਠ ਵਜਿੰਦਰ ਸਿੰਘ ਬੈਂਕੋਕ, ਸ਼੍ਰੀ ਹਮਰਾਹੀ, ਸ਼੍ਰੀ ਨਾਗੀ ਅਤੇ ਜਥੇਦਾਰ ਧਿਆਨ ਸਿੰਘ।

ਪੈਂਤਲ ਸਾਹਿਬ ਨੇ, ਮੇਰੇ ਖਿਆਲ ਵਿੱਚ, ਗੰਵਿਆਂ ਸੁਥਰਾ ਸੀ ਪਰ ਚੜ੍ਹਕੇ ਨਹੀਂ ਗੰਵਿਆ। ਗਰੀਬ ਜਿਹਾ ਗਾਉਣ ਸੀ। ਪਰ ਸੀ ਸਭ ਕੁਝ ਸੁਰ ਵਿੱਚ। ਉਹਨਾਂ ਆਪ ਹੀ ਆਪਣੀ ਨਾ ਤਸੱਲੀ ਪਰਗਟ ਕਰ ਦਿੱਤੀ, ਇਹ ਕਹਿ ਕੇ : 8 ਦਿਨਾਂ ਤੋਂ ਰਿਆਜ਼ ਨਹੀਂ ਕੀਤਾ ਗਿਆ।

ਅਤੇ ਫਿਰ ਵਾਰੀ ਆਈ ਸਾਡੇ ਯੁਵਕ ਜਥੇ ਦੀ। ਬਲਜੀਤ ਸਿੰਘ-ਮੋਹਣ ਸਿੰਘ-ਸੁਖਦੇਵ ਸਿੰਘ ਹੁਰਾਂ ਸੁਖਵਿੰਦਰ ਸਿੰਘ ਪਿੰਕੀ ਦੇ ਤਬਲੇ ਦੀ ਸੰਗਤ ਨਾਲ ਕੋਮਲ ਗੰਧਾਰ ਬਸੰਤ ਸੁਣਾਇਆ :

ਫਾਗੁਨ ਮੈ ਸਖੀ ਡਾਰ ਗੁਲਾਲ.......

ਇਸ ਧਰੁਪਦ ਤੋਂ ਪਿੱਛੋਂ, ਜੁ ਸ੍ਰੀ ਸਤਿਗੁਰੂ ਜੀ ਨੇ ਹੀ ਸਿਖਾਇਆ ਹੋਇਆ ਸੀ, ਸਤਿਗੁਰੂ ਜੀ ਨੇ ਕੋਮਲ-ਤੀਵਰ ਗੰਧਾਰ ਵਾਲੀ ਬਸੰਤ, ਗੁਣੀ ਜਨਾਂ ਨੂੰ ਇਹ ਕਹਿ ਕੇ ਸੁਣਾਈ ਕਿ "ਪੈਂਤਲ ਸਾਹਿਬ ਤਾਨਪੁਰੇ ਨਾਲ ਗੰਵੇਂ ਸਨ, ਬੱਚੇ ਬਲਜੀਤ ਹੁਰੀਂ ਵਾਜੇ ਅਤੇ ਮੈਂ ਖਾਂਸੀ ਨਾਲ ਗੰਵਾਂਗਾ, ਫਿਰ ਵੀ 'ਪੂਰੇ ਤਾਨ' ਨਾਲ ਗੰਵਾਂਗੇ। ਇੱਕ ਸਿਆਣੀ ਹਾਸੜ ਮੱਚ ਗਈ। ਸਤਿਗੁਰੂ ਜੀ ਨੇ ਆਰੰਭ ਕੀਤਾ, ਦੂਜੇ ਪਿੱਛੇ ਲੱਗੇ :

ਬਸੰਤ ਰਿਤੂ ਆਈ ਮਾਈ ਮਨ ਹੋਂ ਸੁਹਾਈ, ਫੂਲ ਰਹੀ ਫੁਲਵਾਰੀ।

ਇਸ ਦੀ ਸਮਾਪਤੀ ਤੇ ਦੂਜੀ ਰੀਤ :

ਭਮਰਾ ਫੂਲੀ ਬਨ ਬੇਲਰੀਆ.......

ਅਤੇ ਫੇਰ ਤਿੰਨ ਪਰਕਾਰ ਦੀ ਰਾਮਕਲੀ :

1. ਉਠੋ ਪਿਆਰੀ ਭੋਰ ਭਈ.......
2. ਕਨ੍ਹਈਆ ਆਜ ਬਾਂਸੇਰੀ.......
3. ਹੋਹੁ ਕਿਰਪਾਲ ਸੁਆਮੀ ਮੇਰੇ...... (ਕੋਮਲ ਗੰਧਾਰ, ਮੱਧਮ ਤੀਵਰ, ਦੋਨੋਂ ਨਿਸ਼ਾਧ)

ਉਪਰੰਤ ਰਾਗ ਦੁਰਗਾ : 'ਏਕ ਬਾਰ ਜਿਨ ਤੁਮੈ ਸੰਭਾਰਾ' ਸਤਿਗੁਰੂ ਜੀ ਨੇ ਵਿਆਖਿਆ ਦਿੱਤੀ : ਜਿਸ ਬੰਦਸ਼ ਉੱਤੇ ਇਹ ਸ਼ਬਦ ਲਗਾਇਆ ਗਿਆ ਹੈ ਉਹ ਅਸਲ ਬੰਦਸ਼ ਸ਼੍ਰੀ ਉਸਤਾਦ ਅੱਬਨ ਖਾਂ ਨੇ ਉਸਤਾਦ ਬੰਦੇ ਹਸਨ ਜੀ ਨੂੰ ਆਪ ਸਿਖਾਈ। ਯੁਵਾ ਗਾਇਕਾਂ ਨੇ ਬੜੇ ਠਹਿਰਾਉ ਵਿੱਚ ਉਪਰੋਕਤ ਸ਼ਬਦ ਸੁਣਾਇਆ, ਜਿਸਨੂੰ ਸੱਚੇ ਪਾਤਸ਼ਾਹ ਜੀ ਨੇ ਸਿਖਾਇਆ

ਸੀ। ਫਿਰ ਸਤਿਗੁਰੂ ਜੀ ਨੇ ਉਸਤਾਦ ਮੁਹੰਮਦ ਖਾਂ ਸਾਹਿਬ ਦੀ ਪੁਰਾਣੀ ਬੰਦਸ਼ ਕੇਦਾਰਾ ਵਿੱਚ ਆਪ ਸੁਣਾਨ ਦੀ ਕਿਰਪਾ ਕੀਤੀ:

ਚੋਰੀ ਚੋਰੀ ਮਾਰਤ ਹੋ ਕੁਮ ਕੁਮ
ਸਨਮੁਖ ਹੋ ਕਿਉਂ ਨ ਖੇਲਤ ਹੋਰੀ।

ਯੁਵਾ ਕਲਾਕਰਾਂ ਆਪ ਜੀ ਦੇ ਆਦੇਸ਼ ਤੇ ਗੰਵਿਆ : ਟੀਕੋ ਧਰ ਕਰ ਲਿਲਾਟ.....

ਉਤੋੜਿਤੀ ਦੋ ਬੰਦਸ਼ਾਂ ਹੋਰ : 1. ਮੀਰਾ ਕੁਨਵਾ ਪੀਓ...... ਅਤੇ 2. ਸੀਖੇ ਹੋ ਤੁਮ........

**ਸਿੰਘ ਬੰਧੂ ਦੀ ਯੋਗ ਟਿੱਪਣੀ –** ਹੁਣ ਮੈਂ ਬੰਦਸ਼ਾਂ ਦੇ ਮੁਖੜੇ ਨਹੀਂ ਲਿਖਦਾ ਕਿਉਂਕਿ ਸਤਿਗੁਰੂ ਜੀ ਨੇ ਏਨੀਆਂ ਚੀਜ਼ਾਂ ਖੁਦ ਗਾ ਕੇ ਜਾਂ ਸ਼ਾਗਿਰਦ ਕਲਾਕਾਰਾਂ ਦੁਆਰਾ ਸੁਣਾਈਆਂ ਕਿ ਗੁਣੀਜਨ ਹੈਰਾਨ ਹੋ-ਹੋ ਗਏ। ਏਨੀਆਂ ਬੰਦਸ਼ਾਂ? ਏਨੇ ਘਰਾਣਿਆਂ ਦੀਆਂ? ਇੱਕ ਪਾਸੇ ਇਹਨਾਂ ਬੰਦਸ਼ਾਂ ਦੀ ਵਿਵਧਤਾ ਸੀ ਦੂਜੇ ਪਾਸੇ ਧਮਾਰਾਂ, ਧਰੁਪਦ ਅਤੇ ਪੌਣੀਆਂ ਸਵਾਈਆਂ ਮਾਤਰਾਂ ਦਾ ਚੱਲਣ ਚੱਲ ਪਿਆ। ਸ. ਤੇਜਪਾਲ ਸਿੰਘ ਬੰਧੂ ਨੇ ਠੀਕ ਹੀ ਕਿਹਾ : ਇਹ ਅੰਮ੍ਰਿਤ ਭੰਡਾਰ ਤਾਂ ਆਪ ਜੀ ਪਾਸ ਹੀ ਹੈ, ਗੁਰਦੁਆਰਿਆਂ ਵਿੱਚ ਹੁਣ ਉਹ ਰਾਗ ਅਤੇ ਰੰਗ ਢੰਗ ਨਹੀਂ ਰਿਹਾ, ਜਿਸ ਦੀ ਪਰਿਪਾਟੀ ਸਤਿਗੁਰੂਆਂ ਨੇ ਤੋਰੀ ਸੀ। ਦਸ ਸਾਲ ਤੱਕ ਇਹ ਸ਼ਾਨਦਾਰ ਬੰਦਸ਼ਾਂ ਉਂਞ ਹੀ ਮਰ ਮੁੱਕ ਜਾਣਗੀਆਂ, ਜੇ ਆਪ ਜੀ ਦੇ ਸਿੱਖਾਂ ਸੇਵਕਾਂ ਨੇ ਇਹਨਾਂ ਨੂੰ ਸੰਭਾਲ ਅੱਗੇ ਤੋਂ ਅੱਗੇ ਨਾ ਪੜ੍ਹਿਆ।

ਬੈਠਿਆਂ ਢਾਈ ਘੰਟੇ ਹੋ ਗਏ ਸਨ। 8 ਵਜੇ ਸਤਿਗੁਰਾਂ ਪੁੱਛ ਲਿਆ ਕਿਤੇ ਕਲਾਕਾਰ ਥੱਕ ਤਾਂ ਨਹੀਂ ਗਏ। ਪਰ ਕਿਸੇ ਨੂੰ ਗੁਣਾਂ ਦਾ ਪਾਰਖੀ ਲੱਭਾ ਹੋਇਆ ਸੀ ਅਤੇ ਕਿਸੇ ਨੂੰ ਅੱਛੇ ਤੇ ਗੁਣੀ ਸਰੋਤੇ ਮਿਲੇ ਹੋਏ ਸਨ।

**ਸਭ ਤੋਂ ਪਿਆਰਾ? ਸੰਗੀਤ! –** ਸਤਿਗੁਰੂ ਜੀ ਦੇ ਅਤੀ ਪਿਆਰੇ (ਸੱਚ ਪੁੱਛੋ ਤਾਂ ਇਸ ਵੇਲੇ ਦੇ ਨੰ. 1) ਵਿਅਕਤੀ ਸੁਰਿੰਦਰ ਸਿੰਘ ਮਨਚੰਦਾ ਦਾ, ਗਾਉਣ ਸਮੇਂ ਵਿੱਚ ਹੀ, ਬੈਂਕੋਕ ਤੋਂ ਫੋਨ ਆ ਗਿਆ। ਬਲਦੇਵ ਸਿੰਘ ਨੰ. 1 ਸੇਵਕ ਸੁਣ ਕੇ ਆਇਆ। ਮਨਚੰਦਾ ਸਤਿਗੁਰਾਂ ਨੂੰ ਫੋਨ ਤੇ ਬੁਲਾਂਦਾ ਸੀ। ਬਲਦੇਵ ਸਿੰਘ ਠਾਕੁਰ ਉਦੈ ਸਿੰਘ ਜੀ ਨੂੰ ਅਰਜ਼ ਕਰਨ ਲਈ ਆਖੇ, ਉਹ ਏਸੇ ਨੂੰ ਕਹਿਣ। ਅੰਤ ਬਲਦੇਵ ਸਿੰਘ ਨੇ ਸ਼੍ਰੀ ਕੰਨ ਪਾਸ ਮੂੰਹ ਲੈ ਜਾ ਕੇ ਮਨਚੰਦਾ ਦਾ ਫੋਨ ਸੁਣਨ ਦੀ ਅਰਜ਼ ਕਰ ਹੀ ਦਿੱਤੀ। ਸਤਿਗੁਰੂ ਜੀ ਜ਼ਰਾ ਤੇਜ਼ੀ ਨਾਲ ਬੋਲੇ : ਤੂੰ ਜੋ ਮਰਜ਼ੀ ਹੈ ਜਵਾਬ ਦੇ ਦੇ। ਜਾਂ ਤਰਸੇਮ ਸਿੰਘ ਨੂੰ ਫੋਨ ਤੇ ਘੱਲ ਦੇ, ਇਹ ਵੇਲਾ ਹੈ ਉੱਠਣ ਦਾ?

8.35 ਰਾਤ ਦੇ ਹੋਏ ਤਾਂ ਦੂਜੀ ਵੱਡੀ ਹਸਤੀ ਹੰਸਪਾਲ ਜੀ ਐਮ. ਪੀ. ਸਾਹਿਬ ਆ ਗਏ। ਜ਼ਰਾ ਚੁੱਪ ਹੋ ਗਈ ਜਾਣ ਜ਼ਰਾ ਮਟਕ ਨਾਲ ਅਰਜ਼ ਕੀਤੀ : ਹੁਣ ਹਰਿ ਜੁਗ ਜੁਗ ਭਗਤ ਉਪਾਇਆ ਪੜ੍ਹਿਆ ਜਾਵੇ ਜੀ (ਅਰਥਾਤ ਹੁਣ ਭੋਗ ਪਾ ਦਿੱਤਾ ਜਾਇ ਸੰਗੀਤ ਵਲੋਂ) ਸਤਿਗੁਰੂ ਜੀ ਬੋਲੇ : ਉਹ ਸਵੇਰੇ ਆਸਾ ਦੀ ਵਾਰ ਵੇਲੇ ਪੜ੍ਹਿਆ ਜਾਵੇਗਾ ਅਤੇ ਫਿਰ ਪੌਣੀਆਂ ਪੰਦਰਾਂ ਮਾਤਰਾਂ ਵਿੱਚ ਦਸਮੇਸ਼ ਜੀ ਦਾ ਕਬਿੱਤ ਰਾਗ ਕਲਿਆਣ ਵਿੱਚ ਗੂੰਜ ਉੱਠਿਆ : ਕਰੁਣਾ ਨਿਧਾਨ ਬੇਦ ਕਹਤ ਬਖਿਆਨ ਜਾਂਕੀ ਬੀਚ ਤੀਨ ਲੋਕ ਫੈਲ ਰਹੀ ਹੈ ਸੁ ਬਾਸ ਰੀ। ਇਸ ਔਖੀ ਤੇ ਵਿਕਟ ਤਾਰ ਵਿੱਚ ਤਿਹਾਈਆਂ ਅਤੇ ਤਿੰਨ ਤਿੰਨ ਤਿਹਾਈਆਂ ਦਾ ਜਿਵੇਂ ਹੜ੍ਹ ਹੀ ਆ ਗਿਆ।

**ਕ੍ਰਿਸ਼ਨ ਲਈ ਕਿਸ਼ਨ ਬੋਲਿਆ –** ਅੱਜ ਪੰ. ਕਿਸ਼ਨ ਮਹਾਰਾਜ ਕਾਲਾ ਕੋਟ ਪੈਂਟ ਪਹਿਨ ਬੇ-ਤਿਲਕ ਹੀ ਪਧਾਰੇ ਸਨ। ਪਾਨ ਤੋਂ ਇੱਕ ਪਲ ਲਈ ਮੂੰਹ ਖਾਲੀ ਨਹੀਂ ਸੀ ਹੋਇਆ। ਸਭਾ ਦਾ ਪਹਿਲਾ ਦੌਰ ਮੁੱਕਿਆ ਤਾਂ ਉਹਨਾਂ ਸ੍ਰੀ ਸਤਿਗੁਰੂ ਜੀ ਦੀ ਸਤੁਤੀ ਵਿੱਚ ਇੱਕ ਸਵੈਯਾ ਸੁਣਾਇਆ ਜਿਸ ਦਾ ਭਾਵਾਰਥ ਸੀ, ਰਿਸ਼ੀਆਂ ਦੀ ਤਪੱਸਿਆ, ਕੁਬੇਰ ਦੀ ਮਾਇਆ, ਵਿਦਵਾਨਾਂ ਦੀ ਸਹੰਸਰ ਸਿਆਣਪ, ਤਾਕਤਵਰ ਦੇਵੀ ਦੇਵਤਿਆਂ ਦੀ ਸਮੁੱਚੀ ਸ਼ਕਤੀ, ਰੂਪ ਵਾਲਿਆਂ ਦਾ ਮੋਹ ਮੋਹ ਧਰਦਾ ਰੂਪ ਸਭ ਕੁਝ ਹੀ ਆਪ ਜੀ ਵਿੱਚ ਹੀ ਨਿਹਤ ਹੈ, ਏਥੇ ਕਸਰ ਕਾਹਦੀ ਹੈ? ਕਿਸੇ ਕਵੀ ਨੇ ਕ੍ਰਿਸ਼ਨ ਪ੍ਰਸੰਸਾ ਵਿੱਚ ਇਹ ਛੰਦ ਕਿਹਾ ਸੀ ਪਰ ਕਿਸ਼ਨ ਮਹਾਰਾਜ ਜੀ ਨੇ ਇਹ ਸਵੱਯਾ ਏਥੇ ਸੁਣਾ ਕੇ ਸਭ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਬਨਾਰਸੀ ਵਿਦਵਾਨ ਨੇ ਨਾਲ ਹੀ ਅਰਜ਼ ਕੀਤੀ : ਏਨੇ ਰਾਗ, ਰਾਗਾਂ ਦੇ ਪਰਕਾਰ, ਮਹਾਨ ਕਲਾਕਾਰ ਉਸਤਾਦਾਂ ਦੀਆਂ ਏਨੀਆਂ ਬੰਦਸ਼ਾਂ ਅਤੇ ਇਹਨਾਂ ਵਿੱਚ ਅਨੇਕ ਆਪਣੀ ਰਚਨਾਵਾਂ! ਆਹਾ, ਕਿਆ ਬਾਤ ਹੈ। ਮੈਨੂੰ ਤਾਂ ਅੱਜ ਹੀ ਸਮਾਂ ਮਿਲਿਆ ਹੈ ਸੁਣਨ ਦਾ, ਜੇ ਪਹਿਲਾਂ ਪਤਾ ਹੁੰਦਾ ਤਾਂ ਆਪ ਜੀ ਦੇ ਬਨਾਰਸ ਗਿਆਂ ਦਾ ਬਨਾਰਸ ਦੇ ਸੁਣੀ ਤੇ ਵਿਦਵਾਨ ਬੁਲਾ ਕੇ ਨਾ ਸੁਣਦੇ! ਛੇਤੀ ਹੀ ਬਨਾਰਸ ਨੂੰ ਵੀ ਅਵਸਰ ਬਖਸ਼ਣਾ। ਕੋਲ ਪਈ ਸੰਗੀਤ ਬੰਦਸ਼ਾਂ ਦੀ ਕਾਪੀ ਵੱਲ ਇਸ਼ਾਰਾ ਕਰਕੇ ਬੋਲੇ :

**ਚਲਦਾ....**

# Spot reduction:
# why exercise probably can't help you target fatty areas of the body



**Christopher Gaffney**

Many people who want to lose weight have a particular area of their body that they wish they could lose fat from most – whether that's their stomach, arms or thighs. But while there's no shortage of videos and guides online talking about how to best "blast fat" from these so-called problem areas, the evidence for whether or not spot reducing fat is actually possible remains mixed.

The mechanics of weight loss are quite straightforward and are rooted in the laws of thermodynamics. Basically this means that in order to lose weight, you must expend more calories than you consume.

You can increase your expenditure either by moving more daily (though exercising may come with the downside of increasing appetite for some people) or restricting calorie intake. This is often the most effective weight loss method.

But where you actually lose this weight isn't quite so straightforward. This is because where our bodies store fat is governed by our hormones.

Most of us have a tendency to store excess fat in the abdomen, thighs and buttocks. In males, this typically leads to an "apple" shape, where fat is concentrated around the midriff. In females, this typically leads to what many know as a "pear" shape, where fat is concentrated around the hips and buttocks. However, hormones also vary from person to person – which can further effect where you store fat. Genetics, diet and even exercise levels are all factors.

But just as we can't choose where our body stores fat, we can't choose where we lose it. When we lose weight, we tend to see fat loss from regions 'where theres more of it – losing weight more in the torso followed by the legs and then arms. This weight loss pattern is dictated by your sex, genetics and age – especially in women.

**Using exercise**

Some hope, however, that by exercising a particular muscle group, you may be able to increase fat loss in that region. For example, many people do sit-ups in the hope that this will help them get rid of stomach fat. But the evidence for whether or not spot reduction works is still mixed, despite many years of study.

When it comes to losing weight through exercise, the body must break down our stored fat (called adipose tissue) into fatty acids. These then enter the blood stream,

where they're delivered to our working muscles where they can be burned as fuel for exercise. Aerobic exercise like cycling or running at 50-70% of our maximum exercise capacity is known as our "fatmax" and is best for burning fat.

Interestingly, some evidence does actually support spot fat reduction. Research as far back as the 1960s shows that fat loss from exercise was actually greater in regions which were exercised. More recently, a 2021 study has shown it's possible to spot reduce fat in the abdominal area after 12 weeks of ab exercises when compared with people who only did general, full-body resistance exercises.

Exercises which target a greater number of muscles may be better for fat loss.

Research has also suggested that fat stores in the body are regulated somewhat separately through differences in biochemical processes. This means that, at least in theory, fat loss in the body can be targeted.

Other evidence shows that blood flow and fat burning (known as lipolysis) is greater in fat tissue next to muscle that is being exercised, compared with muscles that aren't being used. So in theory, spot fat reduction is possible. However, this study was in active young males – so it's uncertain whether the same effect will be seen in other groups of people.

But while some studies have shown spot reduction to be possible, many others have found that spot reduction has no effect. A local increase in lipolysis is only the first of many steps to move fat into the blood where it can be used by the muscles for energy, eventually leading to weight loss. Increased local lipolysis does not therefore equal spot fat reduction. Working a single muscle group also recruits fewer muscles and burns fewer calories than whole body exercises – so you're less likely to see overall weight loss.

**Strongest conclusion**

To understand the consensus on a research area, scientists use systematic reviews and meta-analyses. These summarise the findings of several independent studies on the same topic to determine an overall trend. A meta-analysis published earlier this year concluded that localised muscle training has no spot fat reduction effect. This might be our strongest conclusion to date that spot reduction likely doesn't work.

But while exercise can't help you spot reduce fat, there are pharmaceutical and surgical methods that can. Topical creams or injections can work to manipulate fat receptors to spot reduce fat, with research showing aminophylline cream in particular can reduce waist circumference by 6cm more than a placebo in overweight men and women. These methods carry many risks so are not to be taken lightly.

Building muscle mass in our body can certainly increase our capacity to burn calories – including fat. This can help to reshape our body, similar to what is intended with spot fat reduction. But there is a catch. Increasing overall muscle mass will help more than localised muscle growth if the goal is ultimately to lose fat.

........................................................

# ਬੱਚਿਆਂ ਦਾ ਪੰਨਾ

## ਬੁਰੀ ਸੋਚ

**ਕੁਲਬੀਰ ਸਿੰਘ ਸੂਰੀ**

ਸ਼ਹਿਰ ਦੇ ਬਾਹਰਵਾਰ ਇੱਕ ਬੜਾ ਵੱਡਾ ਪਿੱਪਲ ਦਾ ਦਰੱਖਤ ਸੀ। ਉਸ ਉੱਪਰ ਕਈ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਸਨ। ਇੱਕ ਕਾਂ ਵੀ ਆਪਣੇ ਪਰਿਵਾਰ ਨਾਲ ਉਸ ਪਿੱਪਲ ਉਪਰ ਰਹਿੰਦਾ ਸੀ। ਸ਼ਹਿਰ ਨੇੜੇ ਹੋਣ ਕਾਰਨ ਕਾਂ ਕਿਤੋਂ ਨਾ ਕਿਤੋਂ ਠੱਗੀ ਠੋਰੀ ਮਾਰ ਕੇ ਆਪਣਾ ਵਧੀਆ ਗੁਜ਼ਾਰਾ ਚਲਾਈ ਜਾਂਦਾ ਸੀ। ਆਮ ਤੌਰ 'ਤੇ ਉਹ ਇੱਕ ਸਕੂਲ ਦੇ ਬੰਨ੍ਹੇ ਉੱਪਰ ਜਾ ਬਹਿੰਦਾ। ਅੱਧੀ ਛੁੱਟੀ ਵੇਲੇ ਜਦੋਂ ਬੱਚੇ ਆਪੋ-ਆਪਣੇ ਡੱਬਿਆਂ ਵਿੱਚੋਂ ਰੋਟੀ ਖਾ ਰਹੇ ਹੁੰਦੇ ਤਾਂ ਉਹ ਝਪਟਾ ਮਾਰ ਕੇ ਇੱਕ ਅੱਧ ਬੱਚੇ ਦੀ ਰੋਟੀ ਖੋਹ ਕੇ ਉੱਡ ਜਾਂਦਾ। ਬੱਚਾ ਵਿਚਾਰਾ ਕਦੀ ਆਪਣੇ ਖਾਲੀ ਡੱਬੇ ਵਲ ਵੇਖਦਾ ਅਤੇ ਕਦੀ ਉੱਡਦੇ ਕਾਂ ਦੇ ਮੂੰਹ ਵਿੱਚ ਫੜੀ ਰੋਟੀ ਨੂੰ।

ਕੁਝ ਦੇਰ ਪਿੱਛੋਂ ਉਸੇ ਪਿੱਪਲ ਉੱਪਰ ਇੱਕ ਹੋਰ ਕਾਂ ਨੇ ਆ ਕੇ ਡੇਰਾ ਲਾ ਲਿਆ। ਪਹਿਲਾ ਕਾਂ ਉਸ ਨਾਲ ਬੜੀ ਈਰਖਾ ਕਰਨ ਲੱਗ ਪਿਆ। ਉਹ ਨਹੀਂ ਸੀ ਚਾਹੁੰਦਾ ਕਿ ਇਸ ਦਰੱਖਤ ਉੱਪਰ ਕੋਈ ਹੋਰ ਕਾਂ ਆ ਕੇ ਰਹੇ। ਪਹਿਲਾ ਕਾਂ ਕਿਸੇ ਨਾ ਕਿਸੇ ਬਹਾਨੇ ਨਵੇਂ ਕਾਂ ਨਾਲ ਪੰਗਾ ਲਈ ਰੱਖਦਾ। ਪਹਿਲੇ ਕੁਝ ਦਿਨ ਤਾਂ ਨਵੇਂ ਕਾਂ ਨੂੰ ਨਵਾਂ ਮਾਹੌਲ ਸਮਝਣ ਵਿੱਚ ਲੱਗ ਗਏ। ਇਸ ਕਰਕੇ ਉਹ ਪਹਿਲੇ ਕਾਂ ਦੀਆਂ ਵਧੀਕੀਆਂ ਸਹਿੰਦਾ ਰਿਹਾ ਪਰ ਹੌਲੀ-ਹੌਲੀ ਉਹ ਪੁਰਾਣੇ ਕਾਂ ਨੂੰ ਅੱਗੋਂ ਪੂਰੇ ਜਵਾਬ ਦੇਣ ਲੱਗਾ। ਇੱਕ ਦਿਨ ਪੁਰਾਣਾ ਕਾਂ, ਨਵੇਂ ਕਾਂ ਨੂੰ ਕਹਿਣ ਲੱਗਾ, 'ਓਏ! ਤੂੰ ਆਪਣੇ ਆਪ ਨੂੰ ਬੜਾ ਭਲਵਾਨ ਸਮਝਦਾ ਏਂ! ਤੂੰ ਮੇਰੇ ਜਿੰਨਾ ਭਾਰ ਚੁੱਕ ਕੇ ਉੱਚੀ ਉਡਾਰੀ ਲਾ ਕੇ ਦਿਖਾ, ਤਾਂ ਮੈਂ ਤੈਨੂੰ ਮੰਨਾਂ।'

'ਤੇਰੇ ਨਾਲੋਂ ਮੈਂ ਤਕੜਾਂ। ਨਹੀਂ ਯਕੀਨ ਤਾਂ ਇੱਕੋ ਜਿੰਨਾ ਭਾਰ ਪੰਜਿਆਂ ਵਿੱਚ ਫੜ ਕੇ ਉੱਡਦੇ ਹਾਂ। ਵੇਖਦੇ ਹਾਂ, ਜ਼ਿਆਦਾ ਉੱਚਾਈ ਤੱਕ ਕੌਣ ਉੱਡ ਸਕਦੈ। ਜਿਹੜਾ ਜ਼ਿਆਦਾ ਉੱਚਾਈ ਤਕ ਉੱਡੇਗਾ, ਉਹ ਜ਼ਿਆਦਾ ਤਾਕਤਵਰ ਹੋਏਗਾ।' ਨਵੇਂ ਕਾਂ ਨੂੰ ਆਪਣੀ ਜਵਾਨੀ 'ਤੇ ਮਾਣ ਸੀ। ਪਹਿਲਾ ਕਾਂ, ਨਵੇਂ ਕਾਂ ਨਾਲ ਸਹਿਮਤ ਹੋ ਗਿਆ। ਉਸ ਨੇ ਕਿਹਾ, 'ਤੇਰੀ ਗੱਲ ਬਿਲਕੁਲ ਠੀਕ ਹੈ ਪਰ ਮੇਰੀ ਇੱਕ ਸ਼ਰਤ ਹੈ ਕਿ ਜਿਹੜਾ ਕਾਂ ਹਾਰ ਜਾਵੇ, ਉਹ ਇਸ ਪਿੱਪਲ ਉੱਤੋਂ ਆਪਣਾ ਟੱਬਰ ਟੋਰ ਚੁੱਕ ਕੇ ਕਿਸੇ ਹੋਰ ਪਾਸੇ ਨਿਕਲ ਜਾਵੇ।' 'ਬਿਲਕੁਲ ਠੀਕ।' ਨਵੇਂ ਕਾਂ ਨੇ ਆਪਣੀ ਸਹਿਮਤੀ ਦੇ ਦਿੱਤੀ। ਪੁਰਾਣਾ ਕਾਂ ਕਹਿਣ ਲੱਗਿਆ, 'ਹੁਣ ਮੈਂ ਜਾ ਕੇ ਇੱਕੋ ਜਿਹੇ ਭਾਰ ਦੀਆਂ ਦੋ ਥੈਲੀਆਂ ਬਣਾਉਂਦਾ ਹਾਂ। ਕੱਲ੍ਹ ਸਵੇਰੇ ਅਸੀਂ ਮੁਕਾਬਲਾ ਸ਼ੁਰੂ ਕਰਾਂਗੇ।'

ਕਾਂ ਬਾਕੀ ਪੰਛੀਆਂ ਨਾਲੋਂ ਬੜਾ ਚਲਾਕ ਹੁੰਦਾ ਹੈ ਪਰ ਪਹਿਲਾ ਕਾਂ ਤਾਂ ਲੋੜ ਤੋਂ ਜ਼ਿਆਦਾ ਚਲਾਕ ਸੀ। ਉਸ ਨੇ ਆਪਣੇ ਆਲ੍ਹਣੇ ਵਿੱਚ ਜਾ ਕੇ ਇੱਕ ਯੋਜਨਾ ਬਣਾਈ। ਉਸ ਨੇ ਦੋ ਇੱਕੋ ਜਿਹੀਆਂ ਥੈਲੀਆਂ ਲੈ ਕੇ ਇੱਕ ਵਿੱਚ ਰੂੰ ਭਰ ਦਿੱਤਾ ਅਤੇ ਦੂਜੀ ਵਿੱਚ ਲੂਣ। ਉੱਪਰੋਂ ਵੇਖਣ ਨੂੰ ਉਹ ਬਿਲਕੁਲ ਇੱਕੋ ਜਿਹੀਆਂ ਲੱਗਦੀਆਂ ਸਨ। ਅਗਲਾ ਦਿਨ ਚੜ੍ਹਿਆ ਤਾਂ ਪਹਿਲਾ ਕਾਂ ਆਪਣੀ ਚਲਾਕੀ ਕਰਕੇ ਬੜਾ ਖ਼ੁਸ਼ ਸੀ। ਉਹ ਸੋਚ ਰਿਹਾ ਸੀ ਕਿ ਉਹ ਤਾਂ ਜਿੱਤਿਆ ਹੀ ਪਿਆ ਹੈ। ਅੱਜ ਸ਼ਾਮੀਂ ਹੀ ਨਵੇਂ ਕਾਂ ਦਾ ਬਿਸਤਰਾ ਗੋਲ ਕਰ ਦੇਣਾ ਹੈ। ਇਸੇ ਖ਼ੁਸ਼ੀ ਵਿੱਚ ਉਹ ਆਵਾਜ਼ਾਂ ਦੇਣ ਲੱਗਿਆ, 'ਆ ਓਏ ਭਲਵਾਨਾ, ਦਿਨ ਚੜ੍ਹ ਗਿਆ ਏ।' 'ਆ ਰਿਹਾ ਹਾਂ, ਕਾਹਲਾ ਕਾਹਨੂੰ ਪੈਂਦਾ ਏਂ।' ਦੂਜੇ ਕਾਂ ਨੇ ਕਿਹਾ।

ਐਨੇ ਵਿੱਚ ਪਹਿਲੇ ਕਾਂ ਨੇ ਪਿੱਪਲ ਉੱਪਰ ਰਹਿੰਦੇ ਦੂਜੇ ਪੰਛੀਆਂ ਨੂੰ ਵੀ ਮੁਕਾਬਲਾ ਵੇਖਣ ਲਈ ਬੁਲਾ ਲਿਆ ਅਤੇ ਦੋਵਾਂ ਵਿੱਚ ਲੱਗੀ ਸ਼ਰਤ ਬਾਰੇ ਵੀ ਦੱਸ ਦਿੱਤਾ। ਉਸ ਨੂੰ ਪਤਾ ਸੀ ਕਿ ਜਿੱਤਣਾ ਤਾਂ ਉਸ ਨੇ ਹੀ ਹੈ। ਦੂਜਾ ਕਾਂ ਆਲ੍ਹਣੇ ਵਿੱਚੋਂ ਨਿਕਲਿਆ। ਪਹਿਲੇ ਕਾਂ ਨੇ ਲੂਣ ਵਾਲੀ ਥੈਲੀ ਉਸ ਨੂੰ ਪੰਜੇ ਵਿੱਚ ਫੜਾ ਦਿੱਤੀ ਅਤੇ ਰੂੰ ਵਾਲੀ ਆਪਣੇ ਪੰਜੇ ਵਿਚ ਫੜ ਲਈ। ਦੋਵਾਂ ਨੇ ਜਦੋਂ ਥੈਲੀਆਂ ਚੰਗੀ ਤਰ੍ਹਾਂ ਫੜ ਲਈਆਂ ਤਾਂ ਇੱਕ ਤੋਤੇ ਨੇ ਟਰੀਂ ਟਰੀਂ ਕਰਕੇ ਆਪਣੀ ਸੀਟੀ ਵਜਾ ਦਿੱਤੀ। ਦੋਵੇਂ ਕਾਂ ਉੱਡ ਪਏ। ਪਹਿਲੇ ਕਾਂ ਦੀ ਰੂੰ ਵਾਲੀ ਥੈਲੀ ਹਲਕੀ ਹੋਣ ਕਰਕੇ ਉਹ ਤੇਜ਼ੀ ਨਾਲ ਉੱਪਰ ਨੂੰ ਉੱਡ ਪਿਆ। ਦੂਜੇ ਕਾਂ ਦੀ ਲੂਣ ਵਾਲੀ ਥੈਲੀ ਭਾਰੀ ਹੋਣ ਕਰਕੇ ਉਹ ਹੌਲੀ-ਹੌਲੀ ਉੱਡ ਰਿਹਾ ਸੀ।

ਦੋਵਾਂ ਨੂੰ ਉੱਡਦਿਆਂ ਅਜੇ ਦਸ ਮਿੰਟ ਹੀ ਹੋਏ ਸਨ ਕਿ ਵੇਖਦਿਆਂ ਹੀ ਵੇਖਦਿਆਂ ਕਾਲੀ ਘਟਾ ਚੜ੍ਹ ਆਈ ਅਤੇ ਮੀਂਹ ਵੱਸਣਾ ਸ਼ੁਰੂ ਹੋ ਗਿਆ। ਮੀਂਹ ਨਾਲ ਪਹਿਲੇ ਕਾਂ ਦੀ ਥੈਲੀ ਵਿਚਲਾ ਰੂੰ ਭਾਰਾ ਹੋਣਾ ਸ਼ੁਰੂ ਹੋ ਗਿਆ ਅਤੇ ਦੂਜੇ ਕਾਂ ਦੀ ਥੈਲੀ ਵਿੱਚੋਂ ਲੂਣ ਖੁਰਨ ਲੱਗ ਪਿਆ ਅਤੇ ਉਹ ਹਲਕੀ ਹੋਣੀ ਸ਼ੁਰੂ ਹੋ ਗਈ। ਮੀਂਹ ਵੱਸੀ ਜਾਵੇ, ਪਹਿਲੇ ਕਾਂ ਦੀ ਥੈਲੀ ਭਾਰੀ ਹੋਈ ਜਾਵੇ ਅਤੇ ਦੂਜੇ ਕਾਂ ਦੀ ਥੈਲੀ ਹਲਕੀ। ਦੂਜੇ ਕਾਂ ਨੇ ਹਲਕੀ ਹੋਈ ਥੈਲੀ ਕਰਕੇ ਉੱਚੀ ਉਡਾਰੀ ਲਾਉਣੀ ਸ਼ੁਰੂ ਕਰ ਦਿੱਤੀ। ਪਹਿਲਾ ਕਾਂ ਭਾਰੀ ਹੋਈ ਥੈਲੀ ਕਰਕੇ ਥੱਲੇ ਆਉਣਾ ਸ਼ੁਰੂ ਹੋ ਗਿਆ। ਅਖੀਰ ਉਸ ਦੀ ਥੈਲੀ ਏਨੀ ਭਾਰੀ ਹੋ ਗਈ ਕਿ ਉਹ ਜ਼ਮੀਨ 'ਤੇ ਪਟਾਕ ਕਰਕੇ ਡਿੱਗ ਪਿਆ। ਦੂਜਾ ਕਾਂ ਮਜ਼ੇ ਨਾਲ ਹੋਰ ਉੱਚੀ ਉਡਾਰੀ ਲਾਉਂਦਾ ਰਿਹਾ। ਇਸ ਲਈ ਕਦੇ ਵੀ ਦੂਜਿਆਂ ਬਾਰੇ ਬੁਰਾ ਨਹੀਂ ਸੋਚਣਾ ਚਾਹੀਦਾ।

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਲੁਧਿਆਣਾ ਵਿਖੇ ਦਰਸ਼ਨ

ਨਾਮਧਾਰੀ ਪੰਥ ਦੇ ਹਰ ਗੁਰਸਿੱਖ ਦੀ ਅਤੇ ਹਰ ਨਾਮਧਾਰੀ ਪਰਿਵਾਰ ਦੀ ਖਾਹਿਸ਼ ਹੁੰਦੀ ਹੈ ਕਿ ਉਨ੍ਹਾਂ ਦਾ ਹਰ ਕਾਰਜ ਸ੍ਰੀ ਸਤਿਗੁਰੂ ਜੀ ਰਜਾ ਅਨੁਸਾਰ ਅਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੋਵੇ, ਹਰ ਨਾਮਧਾਰੀ ਪਰਿਵਾਰ ਇਸ ਵਿੱਚ ਹੀ ਪ੍ਰਸੰਨਤਾ ਜਾਹਰ ਕਰਦਾ ਹੈ। ਅੱਗੋਂ ਸ੍ਰੀ ਸਤਿਗੁਰੂ ਜੀ ਵੀ ਆਪਣੇ ਸਿੱਖਾਂ ਦੀਆਂ ਅਰਜ਼ਾਂ ਪ੍ਰਵਾਨ ਕਰਦੇ ਹੋਏ ਆਪਣੇ ਰੁਝੇਵੇਂ ਭਰੇ ਸਮੇਂ ਵਿਚੋਂ ਸਮਾਂ ਦੇ ਕੇ ਆਪਣੇ ਸਿੱਖਾਂ ਨੂੰ ਨਿਵਾਜ਼ਦੇ ਹਨ। ਪਿਛਲੇ ਦਿਨੀਂ ਸੂਬਾ ਹਰਭਜਨ ਸਿੰਘ ਲੁਧਿਆਣਾ ਦੀ ਅਗਵਾਈ ਵਿਚ ਕੀਤੀ ਗਈ ਅਰਜ ਪ੍ਰਵਾਨ ਹੋਈ। ਸ੍ਰੀ ਸਤਿਗੁਰੂ ਜੀ ਨੇ **8 ਜਨਵਰੀ 2023** ਦਿਨ ਐਤਵਾਰ ਨੂੰ ਲੁਧਿਆਣਾ ਦੀ ਸੰਗਤ ਨੂੰ ਨਿਵਾਜਿਆ। ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਲੁਧਿਆਣਾ ਦੇ ਇਲਾਕੇ ਦੁੱਗਰੀ ਫੇਸ-2 ਵਿਖੇ ਸ. ਗੁਰਮੁਖ ਸਿੰਘ ਬੱਗਾ ਪੁੱਤਰ ਸ. ਕੁਲਦੀਪ ਸਿੰਘ ਦੇ ਚੜਾਈ ਕਰਨ ਉਪਰੰਤ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਰਿਵਾਰ ਨੂੰ ਭਾਣਾ ਮੰਨਣ ਅਤੇ ਧਰਵਾਸ ਦੇਣ ਦਾ ਹੁਕਮ ਸ੍ਰੀ ਸਤਿਗੁਰੂ ਜੀ ਨੇ ਕੀਤਾ। ਇਥੇ ਹੀ ਸ. ਭੁਪਿੰਦਰ ਸਿੰਘ, ਅਵਤਾਰ ਸਿੰਘ ਪੁੱਤਰ ਸ. ਕੁਲਦੀਪ ਸਿੰਘ ਦੇ ਗ੍ਰਹਿ ਵਿਖੇ ਵੀ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸ. ਗੁਰਮੁਖ ਸਿੰਘ ਬੱਗਾ ਦੇ ਭੋਗ ਸਮਾਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਹਜ਼ੂਰੀ ਰਾਗੀ ਹਰਬੰਸ ਸਿੰਘ ਜੀ ਘੁੱਲਾ ਆਪਣੇ ਜਥੇ ਸਮੇਤ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਇਕ ਪਾਠ ਦਾ ਭੋਗ ਮਾਤਾ ਹਰਜੀਤ ਕੌਰ ਨਮਿਤ ਵੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਾਇਆ ਗਿਆ। ਸ. ਅਮਰਿੰਦਰਜੀਤ ਸਿੰਘ ਨਮਿਤ ਵਰੀਨੇ ਦੇ ਪਾਠ ਦਾ ਭੋਗ ਪਾਇਆ। ਨੌਵੇ ਮਹੱਲੇ ਦੇ ਸਲੋਕ ਪੜ੍ਹਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ "ਕਿਸ ਦੀ ਵਾਰੀ ਕਦੋਂ ਆਉਣੀ ਹੈ ਇਹ ਸਾਡੇ ਵੱਸ ਦੀ ਗੱਲ ਨਹੀਂ ਪਰ ਫਿਰ ਵੀ ਸਾਨੂੰ ਜਾਪਦਾ ਹੈ ਕਿ ਅਸੀਂ ਇਸ ਸੰਸਾਰ ਤੋਂ ਜਾਣਾ ਨਹੀਂ" ਭੋਗ ਦੀ ਸਮਾਪਤੀ ਉਪਰੰਤ ਵਾਪਸੀ ਸਮੇਂ ਨਿਊ ਸ਼ਕਤੀ ਨਗਰ ਵਿਖੇ ਸ. ਇਕਬਾਲ ਸਿੰਘ ਪੁੱਤਰ ਸ. ਮੋਹਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਵਾਪਸ ਸ੍ਰੀ ਭੈਣੀ ਸਾਹਿਬ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਜੀਵਨ ਨਗਰ ਦਾ ਦੌਰਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਗੁਰਬਾਣੀ ਦੀਆਂ ਇਹ ਪੰਗਤੀਆਂ ਕਿ "ਗੁਰੁ ਸਮੁੰਦੁ ਨਦੀ ਸਭਿ ਸਿੱਖੀ ਨਾਤੈ ਜਿਤੁ ਵਡਿਆਈ॥ ਸਾਨੂੰ ਸਭਨਾ ਨੂੰ ਹਮੇਸ਼ਾ ਪ੍ਰੇਰਦੀਆਂ ਰਹਿੰਦੀਆਂ ਹਨ ਕਿ ਸਤਿਗੁਰੂ ਸਰੂਪ ਇੱਕ ਸਮੁੰਦਰ ਦੀ ਨਿਆਈਂ ਹੁੰਦਾ ਹੈ। ਉਸ ਦੀਆਂ ਸਿਖਿਆਵਾਂ ਨਦੀਆਂ ਅਤੇ ਦਰਿਆਵਾਂ ਦੀ ਨਿਆਈਂ ਹਨ। ਅਜਿਹੀ ਹੀ ਕਿਰਪਾ ਪੂਰਾ ਸਤਿਗੁਰੂ ਕਰਦਾ ਹੈ ਅਤੇ ਦੂਰ ਦਰਾਜ ਥਾਂਵਾਂ 'ਤੇ ਜਾ ਕੇ ਆਪਣੀ ਕਿਰਪਾ ਦੁਆਰਾ ਸਾਧ ਸੰਗਤ ਨੂੰ ਇਹਨਾਂ ਸਿਖਿਆਵਾ ਨਾਲ ਨਿਵਾਂਜਦਾ ਹੈ। ਆਪਣੀ ਗੁਰੂ ਘਰ ਦੀ ਇਸ ਪੁਰਾਤਨ ਪ੍ਰੰਪਰਾ ਮੁਤਾਬਿਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਪੁਰਖਿਆਂ ਦੀ ਵਰੋਸਾਈ ਹੋਈ ਧਰਤੀ ਜਿਸ ਨੂੰ ਅਸੀਂ ਸਾਰੇ 'ਇਲਾਕਾ ਸ੍ਰੀ ਜੀਵਨ ਨਗਰ' ਦੇ ਨਾਮ ਨਾਲ ਜਾਣਦੇ ਹਾਂ ਹਮੇਸ਼ਾਂ ਹੀ ਉਚੇਚਾ ਸਮਾਂ ਦੇ ਕੇ ਨਿਵਾਜ਼ਦੇ ਹਨ।

**9 ਜਨਵਰੀ 2023** ਦਿਨ ਸੋਮਵਾਰ- ਸਵੇਰੇ 6 ਵਜੇ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੋਂ ਚੱਲ ਕੇ ਵਾਇਆ ਮਾਨਸਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਸਿਰਸੇ ਸ਼ਹਿਰ ਦੀ ਬਿਲਕੁਲ ਬੁੱਕਲ ਵਿੱਚ ਵਸਦੇ ਪਿੰਡ ਕੰਗਨਪੁਰਾ ਵਿਖੇ ਸ. ਜਗਤਾਰ ਸਿੰਘ ਦੇ ਗ੍ਰਹਿ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅਖੰਡ ਪਾਠ ਦੇ ਭੋਗ ਉਪਰੰਤ ਸੂਬਾ ਸੰਦੀਪ ਸਿੰਘ ਜੀ ਨੇ ਆਪਣੇ ਜਥੇ ਸਮੇਤ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਜੀ ਨੇ ਸੁੰਦਰ ਸਜੇ ਹੋਏ ਪੰਡਾਲ ਵਿੱਚ ਸਾਧ ਸੰਗਤ ਨੂੰ ਦਰਸ਼ਣ ਦੇਣ ਦੀ ਕਿਰਪਾ ਕੀਤੀ। ਕੰਗਨਪੁਰ ਪਿੰਡ ਵਿੱਚ ਸ. ਕਰਨਬੀਰ ਸਿੰਘ ਪੁੱਤਰ ਸ. ਗੁਲਜਾਰ ਸਿੰਘ, ਸਿੰਗਾਰਾ ਸਿੰਘ ਪੁੱਤਰ ਗੁਲਜਾਰ ਸਿੰਘ, ਸੁਖਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਅਤੇ ਭਗਤ ਸਿੰਘ ਨਗਰ ਵਿਖੇ ਸ. ਇਕਬਾਲ ਸਿੰਘ ਮਹੰਤ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸਿਰਸਾ ਵਿਖੇ ਆਟੋਮਾਰਕੀਟ

ਵਿੱਚ ਟਾਇਰ ਸਰਵਿਸ ਸ. ਬਲਵਿੰਦਰ ਸਿੰਘ ਦੀ ਦੁਕਾਨ ਤੇ ਚਰਨ ਪਾਏ। ਪਿੰਡ ਭੰਗੂਰ ਵਿਖੇ ਸ. ਹਰਦੀਪ ਸਿੰਘ ਪੁੱਤਰ ਸ. ਗੁਰਬਚਨ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਕਾਕਾ ਆਸਾ ਸਿੰਘ ਪੁੱਤਰ ਅਜਮੇਰ ਸਿੰਘ ਅਤੇ ਜਸਵੰਤ ਸਿੰਘ ਪੁੱਤਰ ਜਸਮੇਰ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਭੰਗੂਰ ਹੀ ਬਲਬੀਰ ਸਿੰਘ ਪੁੱਤਰ ਵੱਸਣ ਸਿੰਘ ਦੇ ਘਰ ਚਰਨ ਪਾਏ ਗਏ। ਪਿੰਡ ਸੰਤ ਨਗਰ ਵਿਖੇ ਪੰਜਾਬ ਸਿੰਘ ਪੁੱਤਰ ਸਿੰਗਾਰਾ ਸਿੰਘ ਦੀ ਮਾਤਾ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਡਾ. ਗੁਰਬਚਨ ਸਿੰਘ ਪੁੱਤਰ ਗੁਰਮੁਖ ਸਿੰਘ ਅਤੇ ਸ.ਗੁਰਮੇਜ ਸਿੰਘ ਪੁੱਤਰ ਦਲੀਪ ਸਿੰਘ ਘਰ ਦਰਸ਼ਨ ਦਿੱਤੇ। ਪਿੰਡ ਅਮਰਾਸਰ ਵਿਖੇ ਸ. ਮਲੂਕ ਸਿੰਘ ਪੁੱਤਰ ਸ. ਜੀਤ ਸਿੰਘ, ਦਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਕੂਕਾ ਅਤੇ ਬਲਦੇਵ ਸਿੰਘ ਡੀ.ਸੀ ਪੁੱਤਰ ਸ. ਸੁਖਦੇਵ ਸਿੰਘ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪ੍ਰਤਾਪ ਨਗਰ ਸ. ਮੁਖਤਿਆਰ ਸਿੰਘ ਬਾਜਵਾ ਦੇ ਚਰਨ ਪਾਉਣ ਉਪਰੰਤ ਐਲਨਾਬਾਦ ਵਿਖੇ ਮਾਸਟਰ ਅਮਰੀਕ ਸਿੰਘ ਜੀ ਦੀ ਧਰਮ ਪਤਨੀ ਮਾਤਾ ਮਹਿੰਦਰ ਕੌਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਸ਼ਾਮ ਦੇ ਵਕਤ 6 ਤੋਂ 7 ਵਜੇ ਤੱਕ ਹੋ ਰਹੇ ਨਾਮ ਸਿਮਰਨ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਨਿਵਾਜਿਆ।

ਭੋਗ ਉਪਰੰਤ ਸ੍ਰੀ ਬਿਸਨਦਾਸ ਕਵੀ ਦੇ ਬੇਟੇ ਨੂੰ ਸਨਮਾਨ ਦਿੱਤਾ ਗਿਆ। ਐਲਨਾਬਾਦ ਤੋਂ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਰਾਮਪੁਰਾ (ਬੁੱਢੀਮਾੜੀ) ਚੌਂਕ ਵਿੱਚ ਸ. ਦਰਸ਼ਨ ਸਿੰਘ ਪੁੱਤਰ ਸ. ਹਰਜਿੰਦਰ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਪਰਿਵਾਰ ਦੀ ਸੁੱਖ ਸਾਂਦ ਪੁੱਛੀ। ਹਨੇਰਾ ਹੋਣ ਤੱਕ ਵਾਪਸ ਮਸਤਾਨਗੜ੍ਹ ਆਣ ਪਹੁੰਚੇ ਅਤੇ ਇਥੇ ਹੀ ਰਾਤ ਵਿਸ਼ਰਾਮ ਕੀਤਾ।

**ਮਿਤੀ 10 ਜਨਵਰੀ 2023 ਦਿਨ ਮੰਗਲਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਰਮੁੱਖ ਸਿੰਘ, ਸ਼ਾਮ ਸਿੰਘ ਅਤੇ ਸਤਵੰਤ ਸਿੰਘ ਨੇ ਸੰਤ ਨਗਰ ਪ੍ਰਤਾਪ ਮੰਦਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਵਾਰ ਦੇ ਭੋਗ ਉਪਰੰਤ ਸੰਤ ਨਗਰ ਵਿਖੇ ਸ. ਹਰਦਿਆਲ ਸਿੰਘ ਬਾਜਵਾ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਹੀ ਪਿੰਡ ਹਾਰਨੀਆਂ ਵਿਸ਼ੇਸ਼ ਗੁਰਚਰਨ ਸਿੰਘ ਗੁਰੂ ਚੱਕੀਏ ਦੇ ਘਰ ਉਨ੍ਹਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਜੋ ਕਿ ਮੰਜੇ ਉਪਰ ਹੀ ਸਿਹਤ ਠੀਕ ਨਾ ਹੋਣ ਕਾਰਨ ਲੇਟੇ ਹੋਏ ਸਨ। ਸਾਰੇ ਪਰਿਵਾਰ ਸਮੇਤ ਸ. ਬਲਬਾਰ ਸਿੰਘ Ex ਸਰਪੰਚ ਨੇ ਨਮਸਕਾਰ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਬੱਚਿਆਂ ਨੂੰ ਪੁੱਛਿਆ ਕਿ ਨਾਮ ਸਿਮਰਨ ਕਰਦੇ ਹੋ ਤਾਂ ਜਵਾਬ ਨਾਂਹ ਵਿੱਚ ਮਿਲਿਆ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਕਿ "ਪੰਜਾਬੀ ਪੜ੍ਹ ਲੈਂਦੇ ਹੋ, ਗੁਰਬਾਣੀ ਪੜ੍ਹਿਆ ਕਰੋ, ਸਿੱਖੀ ਵਧੀਆ ਰੱਖੋ" ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਪਿੰਡ ਮਿਰਜਾਪੁਰ ਵਿਖੇ ਸ. ਬਾਵਾ ਸਿੰਘ ਦੇ ਗ੍ਰਹਿ ਵਿਖੇ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਬਾਵਾ ਸਿੰਘ ਨੇ ਸਮੇਤ ਪਰਿਵਾਰ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਿਰਜਾਪੁਰ ਤੋਂ ਵਾਪਸੀ ਸਮੇਂ ਅਮਰਾਸਰ ਕਲਾਂ ਵਿਖੇ ਸ. ਮੁਖਤਿਆਰ ਸਿੰਘ ਪੁੱਤਰ ਸ. ਹਰਭਜਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸੰਤ ਨਗਰ ਵਿਖੇ ਸ. ਸਤਨਾਮ ਸਿੰਘ ਸਮਸੇ ਵਾਲੇ ਦੀ ਮਾਤਾ ਇਕਵਾਲ ਕੌਰ ਨੂੰ ਦਰਸ਼ਨ ਦੇ ਕੇ ਨਿਵਾਜ਼ਿਆ। ਦਮਦਮੇ ਸ. ਮੁਖਿਤਆਰ ਸਿੰਘ ਬਾਜੇਵਾਲੇ ਨੂੰ ਦਰਸ਼ਨ ਦੇਣ ਉਪਰੰਤ ਸ. ਜੋਗਾ ਸਿੰਘ ਬਾਜੇਵਾਲੇ ਦੇ ਨਮਿਤ ਭੋਗ ਸਮੇਂ ਦਰਸ਼ਨ ਦਿੱਤੇ ਜਿਥੇ ਹਜ਼ੂਰੀ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਅਤੇ ਸਤਵੰਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਰਤਨ ਕੀਤਾ। ਇਸ ਸਮੇਂ ਸ. ਸੁਵਰਨ ਸਿੰਘ ਵਿਰਕ, ਸ. ਮਲਕੀਤ ਸਿੰਘ ਅਤੇ ਪ੍ਰੋ. ਹਾਕਮ ਸਿੰਘ ਰੂਪ ਜੀ ਨੇ ਸ. ਜੋਰਾ ਸਿੰਘ ਨੂੰ ਸ਼ਰਧਾਜਲੀ ਭੇਟ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਸ. ਜੋਗਾ ਸਿੰਘ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਧੀਆ ਸਿੱਖ ਆਖਿਆ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਕਿ ਕੁਦਰਤ ਦਾ ਅਸੂਲ ਹੈ ਕਿਸੇ ਨੇ ਥਿਰ ਨਹੀਂ ਰਹਿਣਾ। ਨੌਂਵੇ ਮਹੱਲੇ ਦੇ ਸਲੋਕ ਪੜ੍ਹਨ ਉਪਰੰਤ ਪਾਠ ਦਾ ਭੋਗ ਸ. ਜੋਰਾ ਸਿੰਘ ਦੇ ਨਮਿਤ ਪਾਇਆ ਗਿਆ। ਪਿੰਡ ਦਮਦਮੇ ਹੀ ਸ. ਬਲੀ ਸਿੰਘ ਪੁੱਤਰ ਪਿਆਰਾ ਸਿੰਘ ਅਤੇ ਹਰਬੰਸ ਕੌਰ ਪਤਨੀ ਸ਼ੇਰ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੋਂ ਹੀ ਆਪਣੇ ਦੌਰੇ ਦੀ ਸਮਾਪਤੀ ਕਰਦੇ ਹੋਏ ਡੱਬਵਾਲੀ, ਬਠਿੰਡਾ ਤੋਂ ਬਰਨਾਲਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਆਪਣੇ ਸਿੱਖ ਸੇਵਕਾਂ ਸਹਿਤ ਵਾਪਸ ਸ੍ਰੀ ਭੈਣੀ ਸਾਹਿਬ ਸ਼ਾਮ ਹੋਣ ਤੱਕ ਆਣ ਪਹੁੰਚੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਲੇਰਕੋਟਲਾ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

ਭਾਰਤ ਦੀ ਆਜ਼ਾਦੀ ਲਈ ਬਰਤਾਨਵੀ ਹਕੂਮਤ ਤੇ ਰਾਜ ਸਮੇਂ, ਤੋਪਾਂ ਸਾਹਵੇ ਛਾਤੀਆਂ ਤਾਣ ਕੇ ਸ਼ਹੀਦ ਹੋਣ ਵਾਲੇ ਮਹਾਨ ਸੂਰਬੀਰਾਂ ਦੀ ਯਾਦ ਰਾਜ ਪੱਧਰੀ ਸਮਾਗਮ ਮੇਲੇ ਦੇ ਰੂਪ ਵਿੱਚ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ। ਹਰ ਸਾਲ ਦੀ ਤਰ੍ਹਾਂ **17 ਜਨਵਰੀ** ਦਾ ਦਿਨ ਪੰਜਾਬ ਸਰਕਾਰ ਵੱਲੋਂ ਰਾਜ-ਪੱਧਰੀ ਸਮਾਗਮ ਦੇ ਰੂਪ ਵਿੱਚ ਮਨਾਉਂਦੇ ਹੋਏ ਜਿਲ੍ਹੇ ਵਿੱਚ ਸਰਕਾਰੀ ਛੁੱਟੀ ਦਾ ਐਲਾਨ ਕਰਕੇ ਸ਼ਹੀਦਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ ਜਾਂਦਾ ਹੈ। ਜਿਲ੍ਹੇ ਦੇ ਸਰਕਾਰੀ ਅਫ਼ਸਰ ਸਮੇਤ ਡਿਪਟੀ ਕਮਿਸ਼ਨਰ ਵਿਸ਼ੇਸ਼ ਮੀਟਿੰਗ ਬੁਲਾ ਕੇ ਸਮਾਗਮ ਦੀਆਂ ਤਿਆਰੀਆਂ ਨੂੰ ਅੰਤਮ ਛੋਹ ਦਿੱਤੀ ਜਾਂਦੀ ਹੈ।

ਇਸ ਸਾਲ ਮਿਤੀ **17 ਜਨਵਰੀ 2023** ਦਿਨ ਮੰਗਲਵਾਰ- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹੁਕਮ ਅਨੁਸਾਰ ਮੇਲੇ ਦੀ ਅਰੰਭਤਾ ਸਵੇਰੇ ਅੰਮ੍ਰਿਤ ਵੇਲੇ ਆਸਾ ਦੇ ਵਾਰ ਦੇ ਕੀਰਤਨ ਨਾਲ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਹੀ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਸ਼ਾਮ ਸਿੰਘ ਤੇ ਸਤਨਾਮ ਸਿੰਘ ਦੀ ਅਗਵਾਈ ਵਿੱਚ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਕੀਤਾ ਗਿਆ। ਵਾਰ ਦੀ ਸਮਾਪਤੀ ਉਪਰੰਤ ਦਿਨ ਦੇ ਸਮਾਗਮ ਦੀ ਰੂਪ ਰੇਖਾ ਅਨਾਊਂਸ ਕੀਤੀ ਗਈ। ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਬਣੇ ਹੋਏ ਵਿਸਾਲਾਂ ਮਾਤਾ ਖੇਮ ਕੌਰ ਯਾਦਗਾਰੀ ਹਾਲ ਵਿੱਚ ਕੀਤਾ ਗਿਆ। ਠੰਡ ਦਾ ਕਾਫੀ ਜ਼ੋਰ ਹੋਣ ਕਾਰਨ ਹਾਲ ਦੇ ਅੰਦਰ ਹੀਟਰਾਂ ਦਾ ਪ੍ਰਬੰਧ ਪ੍ਰਬੰਦਕਾਂ ਵੱਲੋਂ ਕੀਤਾ ਗਿਆ ਸੀ। ਬਾਹਰ ਘਾਹ ਦੇ ਵਿਸ਼ਾਲ ਗਰਾਊਂਡ ਵਿੱਚ ਬਣੇ ਹੋਏ ਸੁੰਦਰ ਪੰਡਾਲ ਵਿੱਚ ਦੀਵਾਨਾਂ ਦੀ ਅਰੰਭਤਾ ਕਰਦੇ ਹੋਏ ਕਵੀਸਰ ਦਿਲਬਾਗ ਸਿੰਘ ਵਲਟੋਆ, ਕਵੀਸ਼ਰ ਅਮਰਜੀਤ ਸਿੰਘ ਕੱਕੜਵਾਲ ਅਤੇ ਕਵੀਸ਼ਰ ਗੁਰਸੇਵਕ ਸਿੰਘ ਭੈਣੀ ਸਾਹਿਬ ਨੇ ਸ਼ਹੀਦੀ ਪ੍ਰਸੰਗ ਪੇਸ਼ ਕੀਤਾ।

ਮੰਚ ਤੇ ਜਥੇਦਾਰ ਕਾਮਲ ਸਿੰਘ ਭੈਣੀ ਸਾਹਿਬ ਦੇ ਜਥੇ ਵੱਲੋਂ ਹੱਲੇ ਦਾ ਦੀਵਾਨ ਸਜਾਉਣ ਸਮੇਂ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਸਮੇਂ ਹੀ ਕਿਸਾਨੀ ਅੰਦੋਲਨ ਦੇ ਆਗੂ ਡਾ. ਦਰਸ਼ਨਪਾਲ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ। ਦੀਵਾਨ ਸਮਾਪਤੀ ਉਪਰੰਤ ਸ੍ਰੀ ਗੁਰਲਾਲ ਸਿੰਘ ਕਵੀਸ਼ਰ ਨੇ ਵੀਚਾਰ ਪੇਸ਼ ਕੀਤੇ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਹਰਵਿੰਦਰ ਸਿੰਘ ਹਿੰਦਾਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਇਸ ਸਮੇਂ ਹੀ ਪੰਜਾਬ ਸਰਕਾਰ ਵੱਲੋਂ ਅੱਜ ਦੇ ਰਾਜ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਜੀ ਨੇ ਆਣ ਕੇ ਸ੍ਰੀ ਸਤਿਗੁਰੂ ਜੀ ਨਮਸਕਾਰ ਕੀਤੀ।

ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਮੰਚ ਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਜੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਵੱਲੋਂ ਦੇਸ਼ ਆਜ਼ਾਦੀ ਲਈ ਅਰੰਭੇ ਸੰਘਰਸ਼ ਸਮੇਂ ਮਲੇਰਕੋਟਲੇ ਦੇ ਇਸ ਮੈਦਾਨ ਵਿੱਚ ਕਿਸ ਤਰ੍ਹਾਂ ਸ਼ਹੀਦਾਂ ਦੇ ਸ਼ਹਾਦਤ ਦਿੱਤੀ ਇਤਿਹਾਸਿਕ ਪੱਖ ਪੇਸ਼ ਕੀਤਾ। ਹੰਸਪਾਲ ਜੀ ਨੇ ਸਿੱਖ ਇਤਿਹਾਸਕਾਰਾਂ ਵੱਲੋਂ ਕਿਸ ਤਰ੍ਹਾਂ ਨਾਮਧਾਰੀ ਇਤਿਹਾਸ ਨਾਲ ਬੇ-ਇਨਸਾਫੀ ਕੀਤੀ ਦਾ ਵੀ ਜ਼ਿਕਰ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਰਿਪੋਟ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਨੇ ਅੱਜ ਦੇ ਸਮਾਗਮ ਵਿੱਚ ਆਏ ਹੋਏ ਮਹਿਮਾਨਾਂ ਜਿਨ੍ਹਾਂ ਵਿੱਚ ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਸਰਕਾਰ, ਸ. ਜਸਵੰਤ ਸਿੰਘ ਐਮ.ਐਲ.ਏ. ਹਲਕਾ ਅਮਰਗੜ੍ਹ, ਸ੍ਰੀ ਜਮੀਲ-ਉਲ ਰਹਿਮਾਨ ਐਮ.ਐਲ.ਏ. ਹਲਕਾ ਮਲੇਰਕੋਟਲਾ। ਸ. ਇਕਬਾਲ ਸਿੰਘ ਸਾਬਕਾ ਐਮ.ਐਲ.ਏ. ਸਭਨਾਂ ਨੂੰ ਜੀ ਆਇਆਂ ਆਖਿਆ ਅਤੇ ਹਾਰਦਿਕ ਸਵਾਗਤ ਕੀਤਾ। ਹੰਸਪਾਲ ਜੀ ਦੇ ਵਿਚਾਰ ਪੇਸ਼ ਕਰਨ ਤੋਂ ਬਾਅਦ ਸ. ਜਸਵੰਤ ਸਿੰਘ ਐਮ.ਐਲ.ਏ. ਨੇ ਮੰਚ ਤੋਂ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਟ ਕਰਦੇ ਹੋਏ ਆਖਿਆ ਕਿ ਇਹ ਇਲਾਕਾ ਸ਼ਹੀਦੀ ਸਮਾਰਕ ਮੇਰੇ ਹਲਕੇ ਅਮਰਗੜ੍ਹ ਦਾ ਹੀ ਹਿੱਸਾ ਹੈ। ਮੈਨੂੰ ਇਥੋਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹਲਕਾ ਮਲੇਰਕੋਟਲਾ ਦੇ ਐਮ.ਐਲ.ਏ. ਸ੍ਰੀ ਜਮੀਲ-ਉਲ ਰਹਿਮਾਨ ਨੇ ਵੀ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ ਅਤੇ ਆਖਿਆ ਕਿ ਸ਼ਹੀਦ ਕਿਸੇ ਧਰਮ ਜਾਂ ਕਿਸੇ ਜਾਤ ਦੇ ਨਹੀਂ ਹੁੰਦੇ ਉਹ ਸਮੁੱਚੀ ਮਾਨਵਤਾਂ ਅਤੇ ਸਮੁੱਚੇ ਭਾਰਤ ਦੇ

ਸ਼ਹੀਦ ਹਨ। ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ। ਅੰਤ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਆਪਣੇ ਵੱਲੋਂ ਆਪਣੀ ਪਾਰਟੀ ਵੱਲੋਂ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਆਖਿਆ ਕਿ ਅਸੀਂ ਜੋ ਆਜ਼ਾਦੀ ਦੀ ਹਵਾ ਮਾਨ ਰਹੇ ਹਾਂ ਇਹ ਸ਼ਹੀਦਾਂ ਦੀ ਬਦੋਲਤ ਹੀ ਹੈ ਜੇਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕ੍ਰਿਪਾ ਨਾ ਕਰਦੇ ਤਾਂ ਅਸੀਂ ਅੱਜ ਵੀ ਗੁਲਾਮ ਹੀ ਹੁੰਦੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਆਜ਼ਾਦੀ ਦੀ ਗੱਲ ਮਹਾਤਮਾ ਗਾਂਧੀ ਤੋਂ 50 ਸਾਲ ਪਹਿਲਾਂ ਕੀਤੀ ਸੀ। ਆਏ ਹੋਏ ਮਹਿਮਾਨਾਂ ਸਮੇਤ ਡਿਪਟੀ ਕਮਿਸ਼ਨਰ ਮਲੇਰਕੋਟਲਾ ਅਤੇ ਪੁਲਿਸ ਮੁਖੀ, ਐਸ.ਐਸ.ਪੀ. ਸਾਹਿਬ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਉ ਦੇਣ ਦੀ ਕਿਰਪਾ ਕੀਤੀ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਸਮੇਂ ਸਮੇਂ ਮੁਤਾਬਿਕ ਸਾਰੀਆਂ ਸਰਕਾਰਾਂ ਨੇ ਆਪਣਾ ਫਰਜ ਸਮਝਦੇ ਹੋਏ ਕਾਰਜ ਕੀਤੇ ਜਿਨ੍ਹਾਂ ਸ. ਬੇਅੰਤ ਸਿੰਘ ਅਤੇ ਸ. ਪ੍ਰਕਾਸ਼ ਸਿੰਘ ਬਾਦਕ ਨੇ ਵੀ ਆਪਣਾ ਯੋਗਦਾਨ ਪਾਇਆ। ਸਰਕਾਰਾਂ ਅਸੀਂ ਆਪ ਹੀ ਬਣਾਉਂਦੇ ਹਾਂ। ਸਾਡਾ ਸਭਨਾਂ ਦਾ ਫਰਜ ਬਣਦਾ ਹੈ ਕਿ ਦੇਸ਼ ਦੀ ਸਾਂਭ ਸੰਭਾਲ ਵਿੱਚ ਆਪਣਾ ਹਿੱਸਾ ਪਾਈ ਏ। ਦੁਪਹਿਰ ਦੇ ਸਮਾਗਮ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ। ਰਾਤ ਦੇ ਦੀਵਾਨਾਂ ਸਮੇਂ ਜ. ਸੁਰਜੀਤ ਸਿੰਘ ਅਤੇ ਜ. ਪ੍ਰੀਤਮ ਸਿੰਘ ਬਰਨਾਲਾ ਨੇ ਕ੍ਰਮਵਾਰ ਆਪਣੀ ਹਾਜ਼ਰੀ ਭਰੀ। ਮਿਤੀ 18 ਜਨਵਰੀ ਸਵੇਰੇ ਅੰਮ੍ਰਿਤ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਪ੍ਰੀਤਮ ਸਿੰਘ ਜੀ ਦੇ ਜਥੇ ਨੇ ਕੀਤਾ ਅਤੇ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਸ਼ਹੀਦਾਂ ਦੀ ਯਾਦ ਵਿੱਚ ਪਾਏ ਗਏ। ਹਰ ਸਾਲ ਦੀ ਤਰ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਹੋਏ ਮੇਲੇ ਦੀ ਸੇਵਾਂ ਸਵ. ਸੰਤ ਸਵਰਨ ਸਿੰਘ ਲਾਇਲ ਦੇ ਸਮੁੱਚੇ ਪਰਿਵਾਰ ਵੱਲੋਂ ਸੰਤ ਸੁਰਿੰਦਰ ਸਿੰਘ ਲੁਧਿਆਣਾ ਦੀ ਅਗਵਾਈ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹੁਕਮ ਅਨੁਸਾਰ ਕੀਤੀ ਗਈ। ਸ੍ਰੀ ਭੈਣੀ ਸਾਹਿਬ ਤੋਂ ਆਏ ਲਾਂਗਰੀ ਸਿੰਘ ਤੇ ਬੀਬੀਆਂ ਵੱਲੋਂ ਬੜੇ ਉਤਸ਼ਾਹ ਨਾਲ ਸੇਵਾ ਕੀਤੀ ਗਈ। ਇਲਾਕਾ ਨਿਵਾਸੀ ਸਾਧ ਸੰਗਤ ਅਤੇ ਮਹੰਤ ਸੰਤੋਖ ਸਿੰਘ ਦੇ ਪਰਿਵਾਰ ਨੇ ਤਨ-ਮਨ ਨਾਲ ਸੇਵਾ ਨਿਭਾਈ। ਇਸ ਤਰ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਇਹ ਮੇਲਾ ਇਤਿਹਾਸਿਕ ਅਤੇ ਯਾਦਗਾਰੀ ਹੋ ਨਿਬੜਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਮਨਸੂਰਵਾਲ ਕਲਾਂ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਬਹੁਤ ਹੀ ਸਤਿਕਾਰ ਯੋਗ ਸਖਸ਼ੀਅਤ ਸੂਬਾ ਹਰਦੀਪ ਸਿੰਘ ਮਨਸੂਰਵਾਲ ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਦੇ ਹੋਏ ਸੂਬਾ ਪਦਵੀ ਬਖਸ਼ ਕੇ ਸਾਜੇ ਹਨ ਅਤੇ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਨਿਵਾਜੇ ਹੋਏ ਹਨ। ਉਨ੍ਹਾਂ ਵੱਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 19 ਜਨਵਰੀ 2023 ਦਿਨ ਵੀਰਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਜ਼ਿਲ੍ਹਾਂ ਮੋਗਾ ਦੇ ਪਿੰਡ ਮਨਸੂਰਵਾਲ ਕਲਾਂ ਵਿਖੇ ਪਵਿੱਤਰ ਗੁਰਬਾਣੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਕਸਬਾ ਜੀਰਾ ਦੇ ਬਾਹਰ ਵਾਰ ਸ. ਹਰਜੀਤ ਸਿੰਘ ਵੱਲੋਂ ਚਲਾਏ ਜਾ ਰਹੇ ਪੈਰਾਤਾਇਜ ਪਬਲਿਕ ਸਕੂਲ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੋਂ ਹੀ ਤਕਰੀਬਨ 9:30 ਤੇ ਸੂਬਾ ਹਰਦੀਪ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਸ੍ਰੀ ਸਤਿਗੁਰੂ ਜੀ ਹਜ਼ੂਰੀ ਵਿੱਚ ਪਾਇਆ ਗਿਆ।

ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਸਾਧ-ਸੰਗਤ ਨੂੰ ਹੁਕਮ ਕੀਤਾ ਕਿ ਗੁਰਬਾਣੀ ਇਕ ਜੀਵਨ ਜਾਂਚ ਹੈ ਆਪ ਸਭ ਗੁਰਬਾਣੀ ਨਾਲ ਜੁੜੋ ਅਤੇ ਆਪਣੇ ਬੱਚਿਆਂ ਨੂੰ ਗੁਰਬਾਣੀ ਪੜਨ ਵੱਲ ਲਾਉ। ਗੁਰਬਾਣੀ ਨਾਮ ਦੀ ਸਿਫ਼ਤ ਕਰਦੀ ਹੈ। ਨਾਮ ਸਿਮਰਨ ਕਰਕੇ ਆਪਣਾ ਜੀਵਨ ਉੱਚਾ ਕਰੋ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੂਬਾ ਸੰਦੀਪ ਸਿੰਘ ਜੀ ਨੇ ਦੀਵਾਨ ਸਜਾਇਆ। ਪ੍ਰਸ਼ਾਦ ਪਾਣੀ ਛਕਣ ਉਪਰੰਤ ਇਥੋਂ ਵਾਪਸੀ ਕਰਦੇ ਹੋਏ ਜੀਰਾ ਸ਼ਹਿਰ ਵਿਖੇ ਸ. ਮਨਿੰਦਰ ਸਿੰਘ ਪੁੱਤਰ ਸ. ਹਰਜੀਤ ਸਿੰਘ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਅਤੇ ਬਾਅਦ ਵਿੱਚ ਸ. ਮੁਖਤਿਆਰ ਸਿੰਘ ਦੇ ਪਿਤਾ ਸ. ਮਹਿੰਦਰ ਸਿੰਘ ਦੇ ਚੜ੍ਹਾਈ ਕਰਨ ਤੇ ਅਮਨ ਨਗਰ ਵਿਖੇ ਪਰਿਵਾਰ ਨੂੰ ਦਰਸ਼ਨ ਦਿੱਤੇ। ਇਥੇ ਹੀ ਬਜ਼ਾਰ ਵਿੱਚ ਸ. ਵਿਕਰਮਜੀਤ ਸਿੰਘ ਪੁੱਤਰ ਸ. ਬਲੀ ਸਿੰਘ ਦੇ ਇਮੀਗ੍ਰੇਸ਼ਨ ਸੈਂਟਰ ਤੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਇਥੋਂ ਹੀ ਵਾਪਸੀ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

# ਬਸੰਤ ਪੰਚਮੀ ਦਾ ਮੇਲਾ

**ਆਸਾ ਦੀ ਵਾਰ ਦਾ ਮਨੋਹਰ ਕੀਰਤਨ– ਹੱਲੇ ਦੇ ਦੀਵਾਨ– ਕਵੀਸ਼ਰੀ– ਕਵੀ ਦਰਬਾਰ– ਨਾਮ ਸਿਮਰਨ ਤੇ ਕੀਰਤਨ– ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਤੇ ਪੰਜਾਬ ਦੇ ਹੋਰ ਐਮ.ਐਲ.ਏ ਦੀ ਆਮਦ– ਅਨੰਦ ਕਾਰਜ ਤੇ ਗੁਰੂ ਕਾ ਲੰਗਰ।**

ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ 26 ਜਨਵਰੀ 2023 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 207 ਵੇਂ ਪ੍ਰਕਾਸ਼ ਦਿਵਸ ਨੂੰ ਬਹੁਤ ਹੀ ਸ਼ਰਧਾ ਤੇ ਪਿਆਰ ਨਾਲ ਮਨਾਇਆ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਵਿਸਾਖੀ ਵਾਲੇ ਦਿਨ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸੰਤ ਖਾਲਸੇ ਦੀ ਸਿਰਜਨਾ ਕੀਤੀ। ਅੰਗਰੇਜ਼ ਨੂੰ ਇਹ ਪਤਾ ਸੀ ਕਿ ਇਹ ਕੌਮ ਉਹ ਮਹਾਨ ਕੌਮ ਹੈ ਜੋ ਤੱਤੀਆਂ ਤਵੀਆਂ ਤੇ ਬੈਠ ਕੇ ਬੰਦ-ਬੰਦ ਕਟਵਾ ਕੇ ਚਰਖੜੀਆਂ ਤੇ ਚੜ ਕੇ ਵੀ ਇਹ ਕੌਮ ਪਿਛੇ ਹੱਟਣ ਵਾਲੀ ਨਹੀਂ ਜਿਵੇਂ ਰਾਤ ਤੋਂ ਬਾਅਦ ਦਿਨ ਤੇ ਪੱਤਝੜ ਤੋਂ ਬਾਅਦ ਬਸੰਤ ਆਉਂਦੀ ਹੈ। ਉਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਲਾਮੀ ਦੀ ਗੂੜੀ ਨੀਂਦ ਵਿੱਚ ਸੁਤਿਆਂ ਨੂੰ ਜਗਾ ਕੇ ਆਜ਼ਾਦੀ ਪ੍ਰਾਪਤ ਕਰਨ ਲਈ ਬੀਜ ਬੀਜ਼ ਦਿੱਤਾ ਸੀ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਲਿਖਦੇ ਹਨ–

ਸਿੱਖੀ ਬਾਗ਼ ਖ਼ਿਜਾਂ ਜਦ ਗ੍ਰਸਿਆ,
ਭਇਓ ਪੱਤਰ ਬਿਨ ਛਾਇਆ,
ਰੂਪ ਬਸੰਤ ਦਾ ਧਾਰ ਕੇ ਬਾਬਾ,
ਦਿਨ ਬਸੰਤ ਤੇ ਆਇਆ।

ਅੰਦਰੋਂ ਤੇ ਬਾਹਰੋਂ ਆਜ਼ਾਦੀ ਪ੍ਰਾਪਤ ਕਰਨ ਦੀ ਲੋੜ ਸੀ। ਬਾਹਰੋਂ ਅੰਗਰੇਜ਼ਾਂ ਤੋਂ ਤੇ ਅੰਦਰੋਂ ਸਾਡੇ ਪੰਜਾਂ ਤੋਂ ਛੁਟਕਾਰਾ ਪਾਉਣ ਦੀ ਸਖਤ ਜ਼ਰੂਰਤ ਸੀ ਇਸ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਕਦਮ ਚੁਕਿਆ ਉਨ੍ਹਾਂ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਇਕ ਨਿਰੋਲ ਤੇ ਬਹਾਦਰ ਸਿੰਘਾਂ ਨੂੰ ਤਿਆਰ ਕੀਤਾ ਜਿਨ੍ਹਾਂ ਨੇ ਅੰਗਰੇਜ਼ ਦੀਆਂ ਕੰਧਾ ਹਿਲਾ ਕੇ ਰੱਖ ਦਿੱਤੀਆਂ। ਇਨ੍ਹਾਂ ਮਰਜੀਵੜਿਆਂ ਨੇ ਆਪਣੀਆਂ ਪਿਆਰੀਆਂ ਜਾਨਾਂ ਦੀ ਪ੍ਰਵਾਹ ਨਹੀਂ ਕੀਤੀ। ਅੱਜ ਉਨ੍ਹਾਂ ਬਹਾਦਰ ਸੂਰਬੀਰ ਯੋਧਿਆਂ ਦੀ ਬਦੌਲਤ ਅਸੀਂ ਅੱਜ ਆਜ਼ਾਦੀ ਦਾ ਅਨੰਦ ਮਾਣ ਰਹੇ ਹਾਂ। ਇਸ ਵਾਰੀ ਪਹਿਲੀ ਵਾਰ 26 ਜਨਵਰੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਤੇ ਗਣਤੰਤਰ ਦਿਵਸ ਇਕੱਠਾ ਹੀ ਆਇਆ ਹੈ ਇਸ 26 ਜਨਵਰੀ ਨੂੰ ਭਾਰਤ ਦੇ ਲੋਕਾਂ ਨੂੰ ਆਪਣੇ ਹੱਕ ਪ੍ਰਾਪਤ ਹੋਏ ਸਨ। ਇਸ ਕਰਕੇ 26 ਜਨਵਰੀ ਦਾ ਦਿਨ ਭਾਰਤ ਵਿੱਚ ਵੱਡੀ ਪੱਧਰ ਤੇ ਮਨਾਇਆ ਜਾਂਦਾ ਹੈ। ਉਸ ਮਹਾਨ ਪਰਉਪਕਾਰੀ, ਜੰਗੇ ਆਜ਼ਾਦੀ ਦੇ ਮੋਢੀ ਇਸਤਰੀਆਂ ਦੇ ਪਹਿਲੇ ਮੁਕਤੀ ਦਾਤਾ ਮਹਾਨ ਕ੍ਰਾਂਤੀਕਾਰੀ ਰਹਿਬਰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ।

**ਆਸਾ ਦੀ ਵਾਰ ਦਾ ਕੀਰਤਨ–** ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਉਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਸ਼ਬਦ ਉਚਾਰਨ ਕੀਤੇ। ਬਸੰਤ ਦੀ ਵਾਰ ਗਾਇਨ ਕੀਤੀ ਗਈ ਸਮਾਪਤੀ ਤੋਂ ਬਾਅਦ ਸ. ਸੁਵਰਨ ਸਿੰਘ ਵਿਰਕ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਨਣ ਕੀਤਾ। ਗੁਰਬਾਣੀ ਦਾ ਸਤਿਕਾਰ ਕਰਨਾ ਸਿਖਾਇਆ। ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।

**ਸਿਮਰਤੀ ਮੰਦਰ–** ਹੱਲੇ ਦੇ ਦੀਵਾਨਾਂ ਦੀ ਸ਼ੁਰੂਆਤ ਜਥੇ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕੀਤੀ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਉਨ੍ਹਾਂ ਦੇ ਪਰਉਪਕਾਰਾਂ ਨੂੰ ਯਾਦ ਕੀਤਾ।

ਕਵੀਸ਼ਰ ਗੁਰਲਾਲ ਸਿੰਘ, ਰਣਜੀਤ ਸਿੰਘ ਤੇ ਗੁਰਭਗਤ ਸਿੰਘ ਨੇ ਆਪਣੀ ਕਵੀਸ਼ਰੀ ਪ੍ਰਸੰਗ ਸੰਗਤਾਂ ਨੂੰ ਸਰਵਣ ਕਰਵਾਇਆ।

ਜਥੇ. ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਉਨ੍ਹਾਂ ਦੇ ਮਹਾਨ ਉਪਕਾਰਾਂ ਦਾ ਵਰਣਨ ਕੀਤਾ।

ਸੂਬਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਸ੍ਰੀ ਭੈਣੀ ਸਾਹਿਬ ਵਿਖੇ ਬਸੰਤ ਪੰਚਮੀ ਦਾ ਮੇਲਾ ਮਨਾਇਆ ਜਾ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਕਿਸ ਤਰ੍ਹਾਂ ਮਨੁੱਖੀ ਮਨਾਂ ਵਿੱਚ ਤਬਦੀਲੀ ਲਿਆਂਦੀ ਉਨ੍ਹਾਂ ਦੇ ਮਨਾਂ ਵਿੱਚ ਤਬਦੀਲੀ ਵੀ ਆਈ। ਸਤਿਗੁਰੂ ਰਾਮ ਸਿੰਘ ਜੀ ਦੀ

ਉਸਤਤ ਦੇ ਗੁਣ ਗਾਣ ਕੀਤੇ ਗਏ ਹਨ। ਮਨੁੱਖ ਦੀ ਜ਼ੁਬਾਨ ਦਾ ਕਾਰਜ ਸਤਿਗੁਰੂ ਜੀ ਦਾ ਉਸਤਤ ਕਰਨੀ ਹੈ।

ਅੱਜ ਦੇ ਦਿਹਾੜੇ ਤੇ ਸਿੱਖ ਪੰਥ ਦੀਆਂ ਮਹਾਨ ਹਸਤੀਆਂ ਸ. ਦਵਿੰਦਰ ਪ੍ਰਤਾਪ ਸਿੰਘ ਤੇ ਸ. ਰਵਿੰਦਰ ਪ੍ਰਤਾਪ ਸਿੰਘ ਜਿਹੜੇ ਕਿ ਗੁਰਬਾਣੀ ਅਨੁਸਾਰ ਸ਼ਬਦ ਪੇਸ਼ ਕਰਨਗੇ-

ਫੂਲੀ ਬਨਰਾਏ ਬਸੰਤ ਚੜਿਆ

ਉਨ੍ਹਾਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਅੱਜ ਮੌਕਾ ਮਿਲਿਆ ਹੈ। ਇਹ ਭਾਗਾਂ ਵਾਲਾ ਦਿਨ ਹੈ। ਜ. ਹੀਰਾ ਸਿੰਘ ਗਾਬੜੀਆ ਸਾਬਕਾ ਐਮ.ਐਲ.ਏ. ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਹਾੜਾ ਤੇ 26 ਜਨਵਰੀ ਜਦੋਂ ਸਾਡਾ ਸੰਵਿਧਾਨ ਬਣਿਆ, ਅੱਜ ਹੀ ਮਨਾਂ ਰਹੇ ਹਾਂ। ਜੇ ਸਤਿਗੁਰੂ ਰਾਮ ਸਿੰਘ ਜੀ ਦੇਸ਼ ਦੀ ਆਜ਼ਾਦੀ ਦਾ ਬੀੜਾ ਨਾ ਚੁੱਕਦੇ ਤਾਂ ਅੱਜ ਸਾਡਾ ਦੇਸ਼ ਆਜ਼ਾਦ ਨਾ ਹੁੰਦਾ ਉਨ੍ਹਾਂ ਨੇ 1857 ਵਿੱਚ ਇਕ ਐਸੀ ਲਹਿਰ ਖੜੀ ਕੀਤੀ ਜਿਸਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ। ਇਤਿਹਾਸ ਪੜਨ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੀ ਆਜ਼ਾਦੀ ਲੈਣ ਵਾਲੇ ਕੌਣ ਸਨ। ਦੇਸ਼ ਦੀ ਕਰੰਸੀ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਲਗਣੀ ਚਾਹੀਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਦੁਆਰਾ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸਾਡੀ ਸਰਕਾਰ ਵੇਲੇ ਜੋ ਹੁਕਮ ਇਥੋਂ ਜਾਂਦਾ ਰਿਹਾ, ਉਸ ਦੀ ਇਨ ਬਿਨ ਸਰਕਾਰਾਂ ਨੇ ਪਾਲਣਾ ਕੀਤੀ ਤੇ ਸਾਰੇ ਸਮਾਗਮ ਸਰਕਾਰੀ ਪੱਧਰ ਤੇ ਮਨਾਉਣੇ ਸ਼ੁਰੂ ਕੀਤੇ। ਇਹ ਧਰਤੀ ਬਹੁਤ ਪਵਿੱਤਰ ਹੈ।

ਸ. ਕੁਲਤਾਰ ਸਿੰਘ ਸੰਧਵਾ, ਬੀਬੀ ਸੰਘੋਵਾਲ- ਹਰਦੀਪ ਸਿੰਘ ਮੁੰਡੀਆ- ਮਲਕੀਤ ਸਿੰਘ ਦਾਖਾ- ਹੀਰਾ ਸਿੰਘ ਗਾਬੜੀਆ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਸ਼ਬਦ-

ਮੂਲ ਨ ਬੂਝੈ ਆਪੁ ਨ ਸੂਝੈ<br>
ਭਰਮਿ ਬਿਆਪੀ ਅਹੰ ਮਨੀ॥

ਹਜ਼ੂਰੀ ਰਾਗੀ ਬਲਵੰਤ ਸਿੰਘ ਸਰਮੁਖ ਸਿੰਘ, ਈਸ਼ਰ ਸਿੰਘ ਤੋਂ ਸਾਖੀ ਰਾਗੀ ਸਿੰਘਾਂ ਨੇ ਗਾਇਨ ਕੀਤਾ।

ਸ. ਸੁਵਰਨ ਸਿੰਘ ਵਿਰਕ ਜੀ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ੀਆਂ ਨੂੰ ਫਿਰੰਗੀ ਕਿਹਾ। ਉਨ੍ਹਾਂ ਨੇ ਗਊ ਤੇ ਗਰੀਬ ਦੀ ਰਾਖੀ ਕੀਤੀ ਉਨ੍ਹਾਂ ਦਾ ਮਨੋਰਥ ਇਹ ਵੀ ਹੈ ਕਿ ਆਰਥਿਕ ਤੌਰ ਤੇ ਅਸੀਂ ਕਿਸ ਤਰ੍ਹਾਂ ਤਰੱਕੀ ਕਰ ਸਕਦੇ। ਇਸ ਵਾਸਤੇ ਗਊ ਦੀ ਰੱਖਿਆ ਬਹੁਤ ਜ਼ਰੂਰੀ ਸੀ। ਅੰਗਰੇਜ਼ ਇਥੇ ਮਾਲ ਵੇਚਣ ਆਏ ਹਨ ਸਾਨੂੰ ਇਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਪਹਿਲੇ ਭਾਰਤੀ ਸਤਿਗੁਰੂ ਰਾਮ ਸਿੰਘ ਜੀ ਹਨ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਅੰਦੋਲਨ ਚਲਾਇਆ।

ਸੁਤੰਤਰਤਾਂ ਦੀ ਪਹਿਲੀ ਲੜਾਈ 12 ਮਈ ਨੂੰ ਸ਼ੁਰੂ ਹੁੰਦੀ ਹੈ ਉਸ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਸਿੱਖੀ ਦਾ ਪੁਨਰ ਸਿਰਜਨਾ ਕਰ ਦਿੰਦੇ ਹਨ ਹਰੀ ਸਿੰਘ ਨਲਵਾ ਦਾ ਜਵਾਈ ਵੀ ਅੰਮ੍ਰਿਤ ਛੱਕ ਕੇ ਸਿੰਘ ਸਜਿਆ। ਸਤਿਗੁਰੂ ਰਾਮ ਸਿੰਘ ਜੀ ਨੇ ਕਲਜੁਗ ਵਿੱਚ ਸਤਿਜੁਗ ਲਾ ਦਿੱਤਾ। ਇਸ ਕਰਕੇ ਉਨ੍ਹਾਂ ਨੂੰ ਜੁਗ ਪਲਟਾਊ ਵੀ ਆਖਿਆ ਜਾਂਦਾ ਹੈ। ਜੰਮਦਿਆਂ ਹੀ ਕੁੜੀ ਨੂੰ ਮਾਰ ਦਿੱਤਾ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸਿਖੀ ਸਾਜ ਕੇ ਮਾਲਵੇ ਦੇ ਇਲਾਕੇ ਵਿੱਚ ਸਿਖੀ ਦਾ ਪ੍ਰਚਾਰ ਜ਼ੋਰ ਨਾਲ ਕੀਤਾ। ਅੰਤਰਜਾਤੀ ਵਿਆਹ 3 ਜੂਨ 1863 ਈ. ਨੂੰ ਕੀਤੇ। ਸੂਬਾ ਬ੍ਰਹਮਾ ਸਿੰਘ ਨੂੰ ਅੰਗਰੇਜ਼ ਪੁਛਦੇ ਨੇ ਇਸਤਰੀਆਂ ਨੂੰ ਕਿਉਂ ਅੰਮ੍ਰਿਤ ਛਕਾਇਆ ਉਸ ਕਿਹਾ ਹੁਣ ਇਹ ਵੀ ਮਰਦਾਂ ਨਾਲ ਦੇਸ਼ ਆਜ਼ਾਦੀ ਦੇ ਅੰਦੋਲਨ ਵਿੱਚ ਹਿੱਸਾ ਲੈ ਸਕਣ।

ਸ. ਕੁਲਤਾਰ ਸਿੰਘ ਸੰਧਵਾਂ (ਪੰਜਾਬ ਸਰਕਾਰ) ਸਪੀਕਰ ਵਿਧਾਨ ਸਭਾ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਵਧਾਈ ਦਿੰਦਿਆ ਕਿਹਾ ਕਿ ਮੇਰੀ ਡਿਊਟੀ ਇਥੇ ਲੱਗੀ ਹੈ, ਮੈਨੂੰ ਇਸ ਤਰ੍ਹਾਂ ਲਗਦਾ ਕਿ ਮੇਰੇ ਤੇ ਕਿਰਪਾ ਹੋ ਗਈ ਹੈ। ਜਿਥੇ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਹੋ ਰਿਹਾ ਹੈ ਮੇਰੀ ਤਾਂ ਹਰ ਰੋਜ਼ ਹੀ ਡਿਊਟੀ ਇਥੇ ਲਗਦੀ ਰਹੇ। ਮੇਰੀ ਵਰਗੀ ਛੋਟੀ ਜਿਹੀ ਜ਼ਿੰਦਗੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਣਨ ਨਹੀਂ ਕਰ ਸਕਦੀ। ਸਤਿਗੁਰੂ ਰਾਮ ਸਿੰਘ ਜੀ ਦੀ ਬਹੁਤ ਵੱਡੀ ਵਡਿਆਈ ਹੈ।

ਕੂਕਿਆਂ ਦਾ ਪੰਥ ਨਿਰਾਲਾ,<br>
ਹੱਥਾਂ ਦੇ ਵਿੱਚ ਗੜਵਾ ਰੱਖਦੇ<br>
ਗਲ ਵਿੱਚ ਉਨ ਦੀ ਮਾਲਾ।<br>
ਰਾਜ ਫਰੰਗੀਆਂ ਦਾ ਚੰਦ ਰੋਜ ਦਾ ਚਾਲਾ।

ਇਹ ਲਾਈਨਾਂ ਪੜਦਿਆਂ ਮੈਂ ਭਾਵੁਕ ਹੋ ਗਿਆ। 1816 ਵਿੱਚ ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ ਹੋਇਆ। ਉਹ ਮਹਾਨ ਕ੍ਰਾਂਤੀਕਾਰੀ, ਸਮਾਜ ਸੁਧਾਰਕ ਸਨ। ਇਥੋਂ

ਬੜੀ ਵੱਡੀ ਗੱਲ ਹੈ ਸਾਡੇ ਸਮਾਜ ਵਿੱਚ ਸਦਾਚਾਰਕ ਗੁਣ ਭਰੇ।

ਜਿਸ ਦਿਨ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਹੋ ਗਈ ਉਸ ਦਿਨ ਤੋਂ ਹੀ ਆਜ਼ਾਦੀ ਮਿਲ ਗਈ। ਉਸ ਸਮੇਂ ਦੀ ਜੁਗ ਪਲਟਾਊ ਸੋਚ ਸੀ ਵਿਧਵਾ ਵਿਆਹ ਦੀ ਆਗਿਆ ਮਿਲਣੀ, ਜਿਸ ਪਰਿਵਾਰ ਵਿੱਚ ਨਾਮ ਜਪਿਆ ਜਾਂਦਾ ਹੋਵੇ ਉਹ ਪਰਿਵਾਰ ਤਾਂ ਤਰ ਗਿਆ। ਸਿੱਧਾ ਸਵਰਗ ਦਾ ਰਸਤਾ ਦਿਖਾਇਆ।

ਮੈਂ ਅੱਜ ਜਦੋਂ ਸ੍ਰੀ ਭੈਣੀ ਸਾਹਿਬ ਆਇਆ ਤਾਂ ਇਸ ਤਰ੍ਹਾਂ ਲਗਦਾ ਮੈਂ ਬਹੁਤ ਭਾਗਾਂ ਵਾਲਾ ਹਾਂ। ਸਾਦੀ ਖੁਰਾਕ, ਸਾਦੀ ਪੁਸ਼ਾਕ, ਅਹਿੰਸਾ, ਰਾਜਨੀਤਕ ਦੂਰ ਅੰਦੇਸ਼ੀ, ਗੁਲਾਮੀ ਤੋਂ ਕੱਢ ਦਿੱਤਾ, ਆਪਸੀ ਝਗੜੇ ਆਪ ਹੱਲ ਕਰਕੇ, ਸੁਦੇਸ਼ੀ ਚੀਜ਼ਾਂ ਵਰਤਨੀਆਂ, ਮਹਾਤਮਾ ਗਾਂਧੀ ਨੂੰ ਤਾਂ ਬਾਅਦ 'ਚ ਪਤਾ ਲੱਗਾ ਪਰ ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ। ਆਪਣਾ ਜੀਵਨ ਸਾਫ ਸੁਥਰਾ ਜਿਊਣ ਦੀ ਪ੍ਰੇਰਣਾ ਕੀਤੀ। ਨਾਮਧਾਰੀ ਸਮਾਜ ਸਾਡੇ ਲਈ ਚਾਨਣ ਮੁਨਾਰਾ ਹੈ। ਅੱਜ ਮੈਨੂੰ ਉਨ੍ਹਾਂ ਦੀ ਧਰਤੀ ਤੇ ਨਤ ਮਸਤਕ ਹੋਣ ਲਈ ਸਮਾਂ ਮਿਲਿਆ ਹੈ ਮੈਂ ਧੰਨਵਾਦੀ ਹਾਂ। ਜੋ ਵੀ ਹੁਕਮ ਇਥੋਂ ਲੱਗੇਗਾ ਪੂਰਾ ਹੋਵੇਗਾ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ, ਹਰਵਿੰਦਰ ਸਿੰਘ, ਈਸ਼ਰ ਸਿੰਘ ਤੇ ਹਰਪ੍ਰੀਤ ਸਿੰਘ ਸਾਥੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਬਸੰਤ ਦੀ ਵਾਰ ਗਾਇਨ ਕੀਤੀ ਗਈ। ਸਤਿਗੁਰੂ ਜੀ ਨੇ ਸਵੇਰੇ 4 ਵਜੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਦੂਰ ਦੁਰਾਡੇ ਤੋਂ ਆਈ ਸੰਗਤ ਨੇ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ।

ਅੱਜ ਅਨੰਦ ਕਾਰਜ ਵੀ ਹੋਏ ਤੇ ਇਕ ਹਵਨ ਕੀਤਾ। ਅੱਜ ਅਨੰਦ ਕਾਰਜ ਵੀ ਹੋਏ ਤੇ ਇਕ ਹਵਨ ਕੀਤਾ ਗਿਆ। ਇਸ ਸਮੇਂ 6 ਅਨੰਦ ਕਾਰਜ ਸਪੰਨ ਹੋਏ। ਇਸ ਸਮੇਂ 4 ਲਾਵਾਂ ਦਾ ਪਾਠ ਤੇ ਨੌਵੇ ਮਹੱਲੇ ਦੇ ਸਲੋਕ ਪੜ੍ਹੇ ਗਏ। ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਇਸ ਮੇਲੇ ਦੀ ਸੇਵਾ ਭਾਈ ਸੁਰਿੰਦਰ ਸਿੰਘ ਤੇ ਸਮੂਹ ਪਰਿਵਾਰ ਵੱਲੋਂ ਤਨ ਮਨ ਤੇ ਧਨ ਨਾਲ ਕੀਤੀ ਗਈ। ਉਨ੍ਹਾਂ ਨੇ ਇਸ ਮੌਕੇ ਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਤਿਲ ਫੁਲ ਭੇਟ ਕੀਤਾ। ਇਸ ਤਰ੍ਹਾਂ ਸਤਿਗੁਰੂ ਜੀ ਦੀ ਕਿਰਪਾ ਬਸੰਤ ਦਾ ਮੇਲਾ ਨਿਰ ਵਿਘਨ ਸਮਾਪਤ ਹੋਇਆ।

**ਗੁਰਦੇਵ ਸਿੰਘ ਚੀਮਾ**

## ਲਖਨਊ ਵਿਖੇ ਬਸੰਤ ਦਾ ਮੇਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਨਾਮਧਾਰੀ ਸੰਗਤ ਵੱਖ ਵੱਖ ਥਾਂਵਾਂ ਤੇ ਬੜੇ ਉਤਸ਼ਾਹ ਨਾਲ ਮਨਾਉਂਦੀ ਹੈ। ਹਰ ਸਾਲ ਦੀ ਤਰਾਂ ਇਸ ਵਾਰ ਲਖਨਊ ਦੀ ਸੰਗਤ ਨੇ 29 ਜਨਵਰੀ 2023 ਨੂੰ ਬਸੰਤ ਦਾ ਮੇਲਾ ਮਨਾਇਆ। ਸਵੇਰੇ ਨਾਮਧਾਰੀ ਗੁਰਦੁਆਰੇ ਵਿੱਚ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਆਏ ਰਾਗੀ ਸਤਨਾਮ ਸਿੰਘ, ਸੰਤਾ ਸਿੰਘ ਅਤੇ ਤਬਲੇ ਤੇ ਹਰਨਾਮ ਸਿੰਘ ਨੇ ਕੀਤਾ। ਗੁਰਦੁਆਰੇ ਦੇ ਉਪਰਲੇ ਹਾਲ ਵਿੱਚ ਕੀਰਤਨ 'ਚ ਨਾਮਧਾਰੀ ਅਤੇ ਗੈਰ ਨਾਮਧਾਰੀ ਸੰਗਤ ਦਾ ਇਕੱਠ ਸੀ। ਆਸਾ ਦੀ ਵਾਰ ਦੇ ਭੋਗ ਉਪਰੰਤ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਕਥਾ ਕੀਤੀ ਉਹਨਾਂ ਕਿਹਾ ਸਾਨੂੰ ਵੀ ਆਪਣੇ ਬਜ਼ੁਰਗਾਂ ਵਰਗਾ ਬਨਣਾ ਚਾਹੀਦਾ ਹੈ ਜਿਨ੍ਹਾਂ ਨਾਮ ਤੇ ਬਾਣੀ ਦਾ ਅਲੋਕਿਕ ਰਸ ਮਾਣਿਆ। ਆਪਣੇ ਵਿਖਿਆਨ ਦੁਰਾਨ ਉਹਨਾਂ ਕਿਹਾ ਸੰਤ ਲਾਲ ਸਿੰਘ ਭੂਰੇ ਗਿੱਲਾਂ ਦੀ ਸਾਖੀ ਸਾਨੂੰ ਜੀਵਨ ਵਿੱਚ ਪਰਿਵਰਤਨ ਕਰਨ ਦਾ ਉਪਦੇਸ਼ ਦਿੰਦੀ ਹੈ। ਕਥਾ ਤੋਂ ਬਾਅਦ ਬੱਚੀ ਸ਼ਰਨਦੀਪ ਕੌਰ ਸ਼ਬਦ ਪੜ੍ਹਿਆ ਤਬਲੇ ਤੇ ਨਾਲ ਸਾਥ ਕਾਕਾ ਰਣਇੰਦਰ ਸਿੰਘ ਨੇ ਦਿੱਤਾ। ਉਪਰੰਤ ਰਾਗੀ ਸਤਨਾਮ ਸਿੰਘ ਜੀ ਨੇ ਸਾਥੀਆਂ ਨਾਲ ਮਿਲ ਸਤਿਗੁਰੂ ਜੀ ਦੇ ਆਗਮਨ ਦੀ ਖੁਸ਼ੀ ਵਿੱਚ ਗੁਰਬਾਣੀ ਸ਼ਬਦ ਤੇ ਗੀਤ ਪੜ੍ਹੇ। ਸੰਗਤ ਨੇ ਬੜੇ ਉਤਸ਼ਾਹ ਨਾਲ ਇਸ ਪ੍ਰੋਗਰਾਮ ਨੂੰ ਸੁਣਿਆ ਮਾਣਿਆ। ਇਹ ਨਾਮਧਾਰੀ ਗੁਰਦੁਆਰਾ ਪੰਜਾਬੀ ਮੁਹੱਲੇ ਵਿੱਚ ਹੈ ਇਸ ਦਾ ਦਰਵਾਜ਼ਾ ਬਜ਼ਾਰ ਵੱਲ ਹੈ ਨਾਮ ਸਿਮਰਨ ਵਾਲੇ ਹਾਲ ਨੂੰ ਛੱਡ ਬਾਕੀ ਸਾਰੀ ਇਮਾਰਤ ਤਕਰੀਬਨ 100 ਸਾਲ ਪੁਰਾਣੀ ਹੈ। ਇਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਵਾਰੀ ਚਰਨ ਪਾਏ, ਖੂਹ ਲਵਾਇਆ ਜੋ ਸਾਰੇ ਮੁਹਲੇ ਦੇ ਲੋਕਾਂ ਲਈ ਇਕ ਮਾਤਰ ਨਿਰਮਲ ਮਿੱਠੇ ਪਾਣੀ ਦਾ ਸੋਮਾ ਸੀ। ਇਸ ਗੁਰਦੁਆਰੇ ਦੀ ਜਗਾ ਤਕਰੀਬਨ 5000 ਸਕੇਅਰ ਫੁੱਟ ਹੈ। 2 ਮੰਜ਼ਲਾਂ ਇਮਾਰਤ ਬਣੀ ਹੋਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵੀ ਅਨੇਕਾਂ ਵਾਰ ਇਸ ਗੁਰਦੁਆਰੇ ਆਏ ਸੀ ਹਜ਼ੂਰ ਸਤਿਗੁਰੂ ਜੀ ਵੀ ਨੇ ਚਰਨ ਪਾਏ ਹਨ। ਹਿੰਦੂ ਸਿੱਖ ਸੰਗਤ ਮਿਲ ਕੇ ਨਾਮ ਸਿਮਰਨ ਕਰਦੀ। ਹੁਣ ਇਥੇ ਪਿਛਲੇ ਕਈ ਸਾਲਾਂ ਤੋਂ ਮਹੰਤ ਇੰਦਰ ਸਿੰਘ ਸੇਵਾ ਕਰ ਰਿਹਾ ਹੈ। ਸਾਮ ਦਾ ਨਿਤਨੇਮ ਤੇ ਕੀਰਤਨ ਸ. ਜੰਗ ਸਿੰਘ ਦੇ ਘਰ ਹੋਇਆ। ਸਾਧ ਸੰਗਤ ਨੇ ਭਰਪੂਰ ਹਾਜ਼ਰੀ ਦਿੱਤੀ।

**ਭਗਵੰਤ ਸਿੰਘ ਲਖਨਊ**

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਦਿੱਲੀ ਵਿਖੇ ਬਸੰਤ ਪੁਰਬ ਦਾ ਮੇਲਾ

ਜੁੱਗ- ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਜਿਥੇ ਜਿਥੇ ਵੀ ਨਾਮਧਾਰੀ ਸਾਧ ਸੰਗਤ ਨਿਵਾਸ ਕਰਦੀ ਹੈ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਉਂਦੀ ਹੈ। ਬਸੰਤ ਮੇਲੇ ਦੇ ਰੂਪ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਦੁਆਰਾ ਕੀਤੇ ਪਰਉਪਕਾਰਾਂ ਨੂੰ ਯਾਦ ਕਰਦਿਆ ਹੋਇਆ ਉਨ੍ਹਾਂ ਦੀ ਕੀਰਤੀ ਜੱਸ ਸਾਧ ਸੰਗਤ ਵੱਲੋਂ ਕੀਤਾ ਜਾਂਦਾ ਹੈ।

**ਮਿਤੀ 27 ਜਨਵਰੀ** ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਨਾਏ ਗਏ ਬਸੰਤ ਪੁਰਬ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਦੁਪਹਿਰ ਸਮੇਂ ਦਿੱਲੀ ਦੀ ਸਾਧ ਸੰਗਤ ਦੀ ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਤੋਂ ਦਿੱਲੀ ਵੱਲ ਨੂੰ ਚਾਲੇ ਪਾਏ। ਰਸਤੇ ਵਿੱਚ ਗਾਜੀਆਬਾਦ ਵਿਖੇ ਸ. ਧਰਮਵੀਰ ਸਿੰਘ ਪੁੱਤਰ ਸ. ਸੁਰਿੰਦਰ ਸਿੰਘ ਦੇ ਘਰ ਅਸ਼ੋਕ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਗਾਜੀਆਬਾਦ ਤੋਂ ਨਾਮਧਾਰੀ ਕਲੋਨੀ ਰਮੇਸ਼ ਨਗਰ ਵਿਖੇ ਸ. ਵਿਕਰਮਜੀਤ ਸਿੰਘ ਪੁੱਤਰ ਸ. ਬਲਵਿੰਦਰ ਸਿੰਘ ਨਾਗੀ ਦੇ ਚੜ੍ਹਾਈ ਕਰਨ 'ਤੇ ਪਰਿਵਾਰ ਨੂੰ ਦਰਸ਼ਨ ਦੇ, ਗੁਰੂ ਕੇ ਭਾਣੇ ਨੂੰ ਮੰਨਣ ਦਾ ਹੁਕਮ ਕੀਤਾ। ਇਥੇ ਹੀ ਸ. ਹਰਜੀਤ ਸਿੰਘ ਸੱਗੂ ਪੁੱਤਰ ਸ. ਕਰਮ ਸਿੰਘ ਢੱਡਾ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਾਨ ਸਰੋਵਰ ਗਾਡਨ ਵਿਖੇ ਸ. ਇੰਦਰਜੀਤ ਸਿੰਘ ਦੇ ਘਰ ਦਰਸ਼ਨ ਦੇ ਕੇ ਪਰਿਵਾਰ ਨੂੰ ਨਿਵਾਜਿਆ। ਇਥੋਂ ਹੀ ਵਿਸ਼ਨੂੰ ਗਾਰਡਨ ਵਿਖੇ ਸ. ਰੁਪਿੰਦਰ ਸਿੰਘ ਪੁੱਤਰ ਸ. ਸੁਰਜੀਤ ਸਿੰਘ ਦੇ ਘਰ ਜਲ ਪਾਣੀ ਛਕਿਆ। K.17 ਰਜੋਰੀ ਗਾਰਡਨ ਹੰਸਪਾਲ ਜੀ ਦੇ ਗ੍ਰਿਹ ਆਪਣੇ ਡੇਰੇ ਆਣ ਸ੍ਰੀ ਸਤਿਗੁਰੂ ਜੀ ਰਾਤ ਵਿਸ਼ਰਾਮ ਕੀਤਾ। ਮਿਤੀ **28 ਜਨਵਰੀ 2023** ਦਿਨ ਸ਼ਨੀਵਾਰ- ਅੱਜ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਦਿੱਲੀ ਨਿਵਾਸੀ ਸਾਧ ਸੰਗਤ ਵੱਲੋਂ ਬਸੰਤ ਦਾ ਮੇਲਾ ਮਨਾਇਆ ਜਾ ਰਿਹਾ ਸੀ। ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਅਤੇ ਸਾਜਨ ਸਿੰਘ ਨੇ ਜਥੇ ਸਮੇਤ ਕੀਤਾ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਬੱਚੀ ਹਰਜੱਸ ਕੌਰ ਪੁੱਤਰੀ ਸ. ਗੁਰਦੀਪ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਲੈਕਚਰ ਕੀਤਾ। ਕਵੀਸ਼ਰ ਗੁਰਲਾਲ ਸਿੰਘ ਨੇ ਆਪਣੇ ਸਾਥੀ ਗੁਰਭਗਤ ਸਿੰਘ ਭਗਤੀ ਅਤੇ ਰਣਜੀਤ ਸਿੰਘ ਸਮੇਤ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ। ਸਮਾਗਮ ਦੀ ਸਮਾਪਤੀ ਸਮੇਂ ਸੂਬਾ ਸੁਖਦੇਵ ਸਿੰਘ ਯਾਦਗਾਰੀ ਪੁਰਸਕਾਰ ਸ੍ਰੀ ਸਤਿਗੁਰੂ ਜੀ ਦੇ ਕਰ-ਕਮਲਾਂ ਦੁਆਰਾ ਸ. ਜਸਵਿੰਦਰ ਸਿੰਘ ਹਿਸਟੋਰੀਅਨ ਨੂੰ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਬਦਲੇ ਦਿੱਤਾ ਗਿਆ। ਬੀਬੀ ਸਿਲਪਾ ਕੌਰ ਨੂੰ ਖਿਆਨਾ ਵਾਰਡ ਤੋਂ ਕੌਂਸਲਰ ਬਣਨ 'ਤੇ ਅਤੇ ਡਾ. ਕੋਮਲਪ੍ਰੀਤ ਕੌਰ ਦਿੱਲੀ ਨੂੰ ਸ੍ਰੀ ਸਤਿਗੁਰੂ ਜੀ ਨੇ ਸਨਮਾਨ ਦੀ ਬਖਸ਼ਿਸ ਕੀਤੀ।

ਉਪਰੰਤ ਮਨਜੀਤ ਸਿੰਘ, ਸ. ਸਵਰਨ ਸਿੰਘ, ਦਰਸ਼ਨ ਸਿੰਘ ਦਿੱਲੀ ਨੇ ਕ੍ਰਮਵਾਰ ਹੱਲੇ ਦੇ ਦੀਵਾਨ ਸਜਾਏ। ਬੱਚੀ ਨਰਾਇਣ ਕੌਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਕਵਿਤਾ ਪੇਸ਼ ਕੀਤੀ। ਵਰਤਮਾਨ ਹਿੰਦੋਸਤਾਨ ਦੇ ਸੰਪਾਦਕ ਸਰਬ ਸ਼ਕਤੀਮਾਨ ਜੀ ਨੇ ਆਪਣਾ ਪਰਚਾ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤਾ। ਬੱਚੀ ਗਿਆਨ ਕੌਰ ਨੇ ਸ਼ਹੀਦ ਬਿਸ਼ਨ ਸਿੰਘ ਬਾਰੇ ਵਿਚਾਰ ਪੇਸ਼ ਕੀਤੇ। ਸ. ਮਨਜੀਤ ਸਿੰਘ ਬਨਾਰਸ ਨੇ ਕੁਝ ਪੁਰਾਤਨ ਗ੍ਰੰਥ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤੇ। ਛੋਟੇ ਬੱਚੇ ਹਰਨਾਮ ਸਿੰਘ ਅਤੇ ਬੱਚੀ ਨਵਦੀਪ ਕੌਰ ਨੇ ਕਵਿਤਾ ਪੇਸ਼ ਕੀਤੀ। ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਵਿਦਿਆਰਥੀ ਅਤਰ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ ਧਾਰਨਾ ਸੀ। ਅੱਜ ਦਿਉ ਵਧਾਈਆਂ ਜੀ ਸੋਹਣਾ ਚੰਨ ਭੈਣੀ ਵਿੱਚ ਚੜ੍ਹਿਆ।' ਇਸ ਸਾਲ ਸ਼ਹੀਦ ਬਿਸ਼ਨ ਸਿੰਘ ਸਕੂਲ ਵਿੱਚ ਪੜ੍ਹਾਈ ਵਿੱਚ ਚੰਗੇ ਨੰਬਰ ਹਾਸਲ ਕਰਨ ਵਾਲਿਆਂ ਨੂੰ ਸ੍ਰੀ ਸਤਿਗੁਰੂ ਜੀ ਦੇ ਕਰ-ਕਮਲਾਂ ਦੁਆਰਾ ਸਨਮਾਨਿਆ ਗਿਆ। ਸ. ਜਸਵੀਰ ਸਿੰਘ ਨੇ ਕਵਿਤਾ ਪੜੀ 'ਕੋਟਲੇ ਦੀ ਧਰਤ ਦੀ ਕਿਆ ਸ਼ਾਨ ਹੈ' ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਪਰਉਪਕਾਰਾਂ ਦਾ ਵਰਨਣ ਸੰਖੇਪ ਵਿੱਚ ਕੀਤਾ। ਇਸ ਸਮੇਂ ਸ. ਜਰਨੈਲ ਸਿੰਘ ਐਮ.ਐਲ.ਏ. ਤਿਲਕ ਨਗਰ, ਬੀਬੀ ਰਣਜੀਤ ਕੌਰ ਇਸਤਰੀ ਅਕਾਲੀ ਦਲ ਦੇ ਆਗੂ ਅਤੇ ਅਲਕਾ ਢੀਂਗਰਾ ਵੀ ਮੌਜੂਦ ਸਨ। ਸ. ਸ਼ਰਨਜੀਤ ਸਿੰਘ ਸਰਨਾ ਦੇ ਨੁੰਮਾਇਦੇ ਸ. ਪਰਮਜੀਤ ਸਿੰਘ ਜੀ ਵੀ ਹਾਜ਼ਰ ਸਨ। ਸ. ਹਰਮਿੰਦਰ ਸਿੰਘ ਪ੍ਰਧਾਨ ਸੰਤ ਗੜ੍ਹ ਗੁਰਦੁਆਰਾ ਵੀ ਉਚੇਚੇ ਤੌਰ 'ਤੇ ਅੱਜ ਦੇ ਸਮਾਗਮ ਵਿੱਚ ਪਹੁੰਚੇ। ਇਸ ਉਪਰੰਤ ਸਵਾਲਾਂ ਦੇ ਜਵਾਬ ਦੇਣ ਦਾ ਪ੍ਰੋਗਰਾਮ ਹੋਇਆ। ਸੰਗਤ ਵੱਲੋਂ ਕੁਝ ਨਗਰਾਂ ਨੇ ਸਵਾਲ ਪੁੱਛੇ ਅਤੇ ਉਨ੍ਹਾਂ ਦੇ ਸ਼ੰਕੇ ਨਵਿਰਤ ਕਰਨ ਲਈ ਸ੍ਰੀ ਸਤਿਗੁਰੂ ਜੀ ਆਪ ਕ੍ਰਿਪਾ ਕਰਦੇ ਹੋਏ ਉਨ੍ਹਾਂ ਦਾ ਜਵਾਬ ਦਿੱਤਾ। ਇਸ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਗੁਰਬਾਣੀ ਇਕ ਜੀਵਨ

ਜਾਚ ਹੈ। ਸਵੇਰੇ ਅੰਮ੍ਰਿਤ ਵੇਲੇ ਉਠਿਆ ਕਰੋ, ਸਣੇਕੇਸ਼ੀ ਇਸ਼ਨਾਨ ਕਰਨ ਤੇ ਨਾਮ ਸਿਮਰਨ ਕਰਨ ਅਤੇ ਬਾਅਦ ਵਿੱਚ ਗੁਰਬਾਣੀ ਦਾ ਪਾਠ ਜ਼ਰੂਰ ਕਰਿਆ ਕਰੋ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ. ਤਰਸੇਮ ਸਿੰਘ ਦੇ ਘਰ ਨਾਮਧਾਰੀ ਕਲੋਨੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਰਮੇਸ਼ ਨਗਰ ਵਿਖੇ ਹੀ ਸ. ਈਸ਼ਰ ਸਿੰਘ ਜੀ ਮਾਤਾ ਬੀਬੀ ਸਤਵੰਤ ਕੌਰ ਪਤਨੀ ਸੁਖਦੇਵ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਬਾਲੀ ਨਗਰ ਵਿਖੇ ਸ. ਤੇਜਬੀਰ ਸਿੰਘ ਦੇ ਘਰ ਬੀਬੀ ਪਰਮਜੀਤ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇ ਕੇ ਨਿਵਾਜਿਆ। ਸ. ਗੁਰਦੇਵ ਸਿੰਘ, ਸੁਰਿੰਦਰ ਸਿੰਘ ਬਾਲੀ ਨਗਰ ਦੇ ਗ੍ਰਹਿ ਗੁੜਗਾਉਂ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਗੁੜਗਾਉਂ ਵਿਖੇ ਹੀ ਸੈਕਟਰ-23 ਮਕਾਨ ਨੂੰ 2544 ਸ. ਤਜਿੰਦਰ ਸਿੰਘ ਪੁੱਤਰ ਸ. ਮਹਿੰਦਰ ਸਿੰਘ, ਧਰਮ ਕਲੋਨੀ ਸ. ਮਹਿਤਾਬ ਸਿੰਘ ਪੁੱਤਰ ਸ. ਹਰਭਜਨ ਸਿੰਘ, ਪਾਲਮ ਵਿਹਾਰ 78 A ਅਤੇ ਬਲਕਾਰ ਸਿੰਘ ਪੁੱਤਰ ਬਲਵਿੰਦਰ ਸਿੰਘ ਧਰਮ ਕਲੋਨੀ ਅਤੇ ਪਾਲਮ ਵਿਹਾਰ F-ਬਲਾਕ 2493 ਸ. ਜਵਾਲਾ ਸਿੰਘ ਪੁੱਤਰ ਜਗਦੀਸ਼ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਗੁੜਗਾਉਂ ਵਿਖੇ ਹੀ ਪਾਲਮ ਵਿਹਾਰ ਜੀ-140 ਵਿਖੇ ਹੀ ਹਰਜੀ ਪੁੱਤਰ ਸ. ਜੁਝਾਰ ਸਿੰਘ ਦੇ ਗ੍ਰਹਿ ਵਿਖੇ ਹੀ ਰਾਤ ਵਿਸ਼ਰਾਮ ਕੀਤਾ। ਸਵੇਰੇ 29 ਜਨਵਰੀ 2023 ਐਤਵਾਰ ਨੂੰ ਸ੍ਰੀ ਸਤਿਗੁਰੂ ਜੀ ਹਵਾਈ ਸਫ਼ਰ ਰਾਹੀ ਬੰਬੇ ਲਈ ਰਵਾਨਾ ਹੋ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਨਾਸਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਾਘ ਮਹੀਨੇ ਦੀ ਸਗਰਾਂਦ ਤੋਂ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਬਸੰਤ ਦੀ ਵਾਰ ਗੁਰਬਾਣੀ ਦਾ ਗਾਇਨ ਵੀ ਆਰੰਭ ਹੁੰਦਾ ਹੈ। ਰਾਗੀ ਸਿੰਘ ਬਸੰਤ ਰੁੱਤ ਦੀ ਆਮਦ ਦਾ ਸੰਕੇਤ ਕਰਦੇ ਹੋਏ ਨਾਲ ਹੀ ਬਸੰਤ ਦੀ ਵਾਰ ਵੀ ਪੜ੍ਹੀ ਜਾਂਦੀ ਹੈ। ਨਾਮਧਾਰੀ ਪੰਥ ਵਿੱਚ ਬਸੰਤ ਦੀ ਆਮਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਲ ਪੱਕੇ ਤੌਰ ਤੇ ਜੁੜ ਚੁੱਕੀ ਹੈ। ਜਿਸਨੂੰ ਨਾਮਧਾਰੀ ਪੰਥ ਵਿੱਚ ਬਸੰਤ ਦਾ ਮੇਲਾ ਵੱਖ-2 ਥਾਂਵਾਂ ਤੇ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਅੰਮ੍ਰਿਤਸਰ ਇਲਾਕੇ ਵਿੱਚ ਬਸੰਤ ਪੁਰਬ ਦਾ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਤਹਿਸੀਲ ਅਜਨਾਲਾ ਦੇ ਪਿੰਡ ਨਾਸਰ ਵਿੱਚ ਮਨਾਇਆ ਗਿਆ। **ਮਿਤੀ 20 ਜਨਵਰੀ 2023** ਦਿਨ ਸ਼ੁੱਕਰਵਾਰ- ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਸਿੱਖ ਸੇਵਕਾਂ ਸਹਿਤ ਚਾਲੇ ਪਾਏ ਅਤੇ ਵਾਇਆ ਜਲੰਧਰ, ਬਿਆਸ ਹੁੰਦੇ ਹੋਏ, ਅੰਮ੍ਰਿਤਸਰ ਪਹੁੰਚੇ। ਜਿਥੇ ਸੂਬਾ ਅਮਰੀਕ ਸਿੰਘ ਅੰਮ੍ਰਿਤਸਰ ਅਤੇ ਸੂਬਾ ਸ਼ਾਮ ਸਿੰਘ ਤਰਨਤਾਰਨ ਦੀ ਅਗਵਾਈ ਵਿੱਚ ਅੰਮ੍ਰਿਤਸਰ ਤੋਂ ਤਕਰੀਬਨ 35 ਕਿਲੋਮੀਟਰ ਦੂਰ ਤਹਿਸੀਲ ਅਜਨਾਲਾ ਵਿੱਚ ਪੈਂਦੇ ਪਿੰਡ ਨਾਸਰ ਪਹੁੰਚੇ ਤਾਂ ਸ੍ਰੀ ਸਤਿਗੁਰੂ ਜੀ ਨੇ ਪਹਿਲਾਂ ਸ. ਗੁਰਸ਼ਰਨ ਸਿੰਘ, ਭੁਪਿੰਦਰ ਸਿੰਘ ਪੁੱਤਰ ਸ. ਦਿਆਲ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਪ੍ਰਸ਼ਾਦ ਪਾਣੀ ਛਕਿਆ। ਅੱਜ ਦਾ ਇਹ ਮੇਲਾ ਏਸੇ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕਰਵਾਇਆ ਜਾ ਰਿਹਾ ਸੀ। ਘਰ ਦੇ ਨੇੜੇ ਹੀ ਸੁੰਦਰ ਵਿਸ਼ਾਲ ਪੰਡਾਲ ਬਣਾਇਆ ਗਿਆ ਸੀ। ਜਿਥੇ ਕ੍ਰਮਵਾਰ ਜ. ਗੁਰਬਚਨ ਸਿੰਘ, ਕਵੀਸ਼ਰ ਦਿਲਬਾਗ ਸਿੰਘ ਵਲਟੋਆ, ਜ. ਸੁਰਜੀਤ ਸਿੰਘ ਮੁਸਤਫਾਪੁਰ ਅਤੇ ਸੂਬਾ ਅਜੀਤ ਸਿੰਘ ਬਟਾਲਾ ਦੀਵਾਨ ਸਜਾ ਚੁੱਕੇ ਸਨ। ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦਿੱਤੇ ਤਾਂ ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲੇ ਦੀਵਾਨ ਸਜਾ ਰਹੇ ਸਨ। ਪੰਡਾਲ ਵਿੱਚ ਸੰਗਤ ਦੀ ਭਰਪੂਰ ਹਾਜ਼ਰੀ ਸੀ। ਇਲਾਕੇ ਦੀ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ ਹੋਈ ਸੀ। ਸਟੇਜ 'ਤੇ ਸ੍ਰੀ ਸਤਿਗੁਰੂ ਜੀ ਨੇ ਕਾਕਾ ਜਗਦੀਪ ਸਿੰਘ ਪੁੱਤਰ ਜਸਵੀਰ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਸਟੇਜ 'ਤੇ ਸੂਬਾ ਬਲਵਿੰਦਰ ਸਿੰਘ ਚੱਕਯਕੂਬ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਸ਼ਾਮ ਸਿੰਘ ਤਰਨਤਾਰਨ, ਸੂਬਾ ਅਮਰੀਕ ਸਿੰਘ ਅੰਮ੍ਰਿਤਸਰ, ਸੂਬਾ ਗੁਲਜ਼ਾਰ ਸਿੰਘ, ਸੰਤ ਹਰਦੇਵ ਸਿੰਘ ਬਿਜਲੀਵਾਲ ਅਤੇ ਗੁਰਭੇਜ ਸਿੰਘ ਹਾਜ਼ਰ ਸਨ। ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਸੂਬਾ ਬਲਵਿੰਦਰ ਸਿੰਘ ਚੱਕਯਕੂਬ ਨੇ ਪਰਿਵਾਰ ਵੱਲੋਂ ਅਤੇ ਇਲਾਕੇ ਦੀ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ 'ਤੇ ਸ਼ੁਕਰਾਨਾ ਕੀਤਾ। ਇਥੋਂ ਹੀ ਸ. ਗੁਰਮੀਤ ਸਿੰਘ ਪੁੱਤਰ ਚੰਨਣ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਪਿੰਡ ਭੋਇਵਾਲੀ ਸ. ਕਸ਼ਮੀਰ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਪਿੰਡ ਗੱਗੋਮਾਹਲ ਵਿਖੇ ਸ. ਕੁਲਜੀਤ ਸਿੰਘ ਪੁੱਤਰ ਬਚਨ ਸਿੰਘ, ਹਰਜੀਤ ਸਿੰਘ ਪੁੱਤਰ ਬਲਦੇਵ ਸਿੰਘ, ਨਵਦੀਪ ਸਿੰਘ ਪੁੱਤਰ ਬਲਦੇਵ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ ਮਾਘੀ ਮੁਕਤਸਰ

ਸਿੱਖ ਇਤਿਹਾਸ ਨਾਲ ਸਬੰਧਤ ਉਹ ਇਤਿਹਾਸਕ ਥਾਂਵਾਂ ਜੋ ਸਦਾ ਲਈ ਪੂਜਣ ਯੋਗ ਹੋ ਗਈਆਂ, ਜਿਥੇ ਆਪਣੇ ਸਤਿਗੁਰੂ ਸਹਿਬਾਨ ਨੂੰ ਸਮਰਪਤ ਹੋ ਕੇ ਉਨ੍ਹਾਂ ਸੂਰਬੀਰਾਂ ਨੇ ਆਪਣਾ ਖੂਨ ਡੋਲਿਆਂ ਅਤੇ ਧਰਮ ਦੀ ਖਾਤਰ ਸ਼ਹਾਦਤਾਂ ਦਾ ਜਾਮ ਪੀ ਗਏ। ਉਨ੍ਹਾਂ ਦੀ ਯਾਦਾਂ ਨੂੰ ਹਮੇਸ਼ਾਂ ਤਾਜਾਂ ਰੱਖਣ ਦੇ ਲਈ ਆਪਣੇ-ਆਪਣੇ ਸਮੇਂ ਮੁਤਾਬਿਕ ਸਤਿਗੁਰੂ ਸਹਿਬਾਨਾਂ ਨੇ ਇਸ ਧਰਤੀ ਨੂੰ ਨਿਵਾਜਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਹੀ ਤਕਰੀਬਨ ਹਰ ਸਾਲ ਮੇਲਾ ਮਾਂਘੀ ਮੁਕਤਸਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕਰਿਆ ਕਰਦੇ ਸਨ। ਆਪਣੇ ਪੁਰਖਿਆਂ ਦੀ ਪਾਈ ਹੋਈ ਇਸ ਪ੍ਰੰਪਰਾ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਨਾਮਧਾਰੀ ਪੰਥ ਦੇ ਵਰਤਮਾਨ ਰਹਿਨੁਮਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਲਾਕਾ ਨਿਵਾਸੀ ਸਾਧ ਸੰਗਤ ਦੀ ਅਰਜ਼ ਪ੍ਰਵਾਨ ਕਰਦੇ ਹੋਏ ਇਸ ਇਤਿਹਾਸਿਕ ਦਿਨ ਤੇ ਦਰਸ਼ਨ ਦੇਣ ਦੀ ਕਿਰਪਾ ਕਰਦੇ ਹੋਏ। **ਮਿਤੀ 13 ਜਨਵਰੀ 2023** ਦਿਨ ਸ਼ੁੱਕਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿੱਖ ਸੇਵਕਾਂ ਦੇ ਜਥੇ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਦੁਪਹਿਰ 2:10 ਮਿੰਟ 'ਤੇ ਚਾਲੇ ਪਾਏ ਅਤੇ ਵਾਇਆਂ ਬਰਨਾਲਾ, ਬਠਿਡਾ ਹੁੰਦੇ ਹੋਏ ਮਲੋਟ ਕਸਬੇ ਨਜ਼ਦੀਕ ਪਿੰਡ ਜੇਡਵਾਲਾ ਵਿਖੇ ਸੂਬਾ ਸਰਬਜੀਤ ਸਿੰਘ ਜੀ ਦੇ ਗ੍ਰਹਿ ਵਿਖੇ ਆਣ ਉਤਾਰਾ ਕੀਤਾ। ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਬੀਰ ਸਿੰਘ ਢਿਲਵਾਂ ਅਤੇ ਸ. ਦਲਜੀਤ ਸਿੰਘ ਬੱਲ ਨੇ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸਵਾਗਤ ਕੀਤਾ ਅਤੇ ਜੀ ਆਇਆ ਆਖਿਆ। ਪ੍ਰਸ਼ਾਦ ਪਾਣੀ ਛਕਣ ਉਪਰੰਤ ਇਥੇ ਹੀ ਰਾਤ ਵਿਸ਼ਰਾਮ ਕੀਤਾ।

ਮਿਤੀ **14 ਜਨਵਰੀ 2023** ਦਿਨ ਸ਼ਨੀਵਾਰ- ਸਵੇਰੇ ਅੰਮ੍ਰਿਤ ਵੇਲੇ 4 ਵਜੇ ਚੱਲ ਕੇ ਤਕਰੀਬਨ 30 ਕਿਲੋਮੀਟਰ ਦਾ ਸਫਰ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦਿੱਤੇ। ਰਾਗੀ ਸਤਨਾਮ ਸਿੰਘ, ਸਰਮੁੱਖ ਸਿੰਘ, ਸ਼ਾਮ ਸਿੰਘ ਅਤੇ ਜ. ਨਿਸ਼ਾਨ ਸਿੰਘ ਦਿੱਲੀ ਨਾਮਧਾਰੀ ਪੰਥ ਦੀ ਪ੍ਰੰਪਰਾਗਤ ਸ਼ੈਲੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਕਰ ਰਹੇ ਸਨ। ਸ੍ਰੀ ਜੀਵਨ ਨਗਰ ਇਲਾਕੇ ਦੀ ਸਾਧ ਸੰਗਤ ਦੇ ਇਸ ਸਮੇਂ ਕਾਫ਼ੀ ਸਰੀਰ ਹਾਜ਼ਰ ਸਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਆਸਾ ਦੀ ਵਾਰ ਦੇ ਕੀਰਤਨ ਸਮੇਂ ਬਸੰਤ ਦੀ ਵਾਰ ਵੀ ਗਾਇਨ ਕੀਤੀ ਗਈ। ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਵੀ ਪਾਏ ਗਏ। ਸਮਾਗਮ ਦੀ ਸਮਾਪਤੀ ਉਪਰੰਤ ਸੂਬਾ ਸਰਬਜੀਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਦਾ ਸ਼ੁਕਰਾਨਾ ਕੀਤਾ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਿਨੇਸ਼ ਕੁਮਾਰ ਪੁੱਤਰ ਬ੍ਰਿਜਲਾਲ ਜੋ ਕਿ ਪਿਛਲੇ ਦਿਨੀ ਚੜਾਈ ਕਰ ਗਿਆ ਸੀ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਸ. ਗੁਰਵਿੰਦਰ ਸਿੰਘ ਪੁੱਤਰ ਸ਼ੇਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਮੁਕਤਸਰ ਤੋਂ ਵਾਪਸ ਪਿੰਡ ਜੰਡਵਾਲਾ ਵਿਖੇ ਸੂਬਾ ਸਰਬਜੀਤ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕਣ ਉਪਰੰਤ ਵਾਪਸੀ ਲਈ ਚਾਲੇ ਪਾਏ ਤਾਂ ਰਸਤੇ ਵਿਖੇ ਪਿੰਡ ਥਰਾਜ ਵਾਲੀ ਢਾਣੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ. ਬਹਾਦਰ ਸਿੰਘ, ਸਦਾਗਰ ਸਿੰਘ ਪੁੱਤਰ ਸ. ਟੇਕ ਸਿੰਘ, ਹਰਨੇਕ ਸਿੰਘ ਪੁੱਤਰ ਕਾਲਾ ਸਿੰਘ, ਗੁਰਮੇਲ ਸਿੰਘ ਪੁੱਤਰ ਹਰਨੇਕ ਸਿੰਘ, ਦਰਸ਼ਨ ਸਿੰਘ ਪੁੱਤਰ ਹਰਨੇਕ ਸਿੰਘ, ਸੇਵਕ ਸਿੰਘ ਪੁੱਤਰ ਮੁਖਤਿਆਰ ਸਿੰਘ, ਬੇਅੰਤ ਸਿੰਘ ਪੁੱਤਰ ਮੁਖਤਿਆਰ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਇਕੱਠੇ ਨਾਮ ਸਿਮਰਨ ਕਰਨ ਦਾ ਹੁਕਮ ਕੀਤਾ। ਇਥੋਂ ਹੀ ਵਾਇਆ ਬਠਿੰਡਾ, ਬਰਨਾਲਾ ਹੁੰਦੇ ਹੋਏ ਪਿੰਡ ਗਹਿਲਾਂ ਵਿਖੇ ਸ. ਕਾਹਲਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਨੇ ਸ. ਕਾਹਲਾ ਸਿੰਘ ਦੀ ਸਿਹਤ ਬਾਰੇ ਹਾਲ ਚਾਲ ਪੁੱਛਿਆ। ਜਿਕਰ ਯੋਗ ਹੈ ਕਿ ਪਿਛਲੇ ਦਿਨੀ ਸ. ਕਾਹਲਾ ਸਿੰਘ ਦੀ ਬਾਈਪਾਸ ਸਰਜਰੀ ਹੋਈ ਹੈ ਅਤੇ ਕਾਹਲਾ ਸਿੰਘ ਗੁਰੂ ਕਾ ਉਗਰਾਈਆ ਹੈ। ਇਥੇ ਹੀ ਸ. ਸਾਉਣ ਸਿੰਘ ਸਰਪੰਚ ਅਤੇ ਬਲਦੇਵ ਸਿੰਘ ਸਮੇਤ ਕਈ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਪਿੰਡ ਤਖਤੂਪੁਰਾ ਵਿਖੇ ਦਰਸ਼ਨ ਦਿੱਤੇ ਇਥੇ ਵੀ ਹਰ ਸਾਲ ਮਾਘੀ ਦਾ ਮੇਲਾ ਮਨਾਇਆ ਜਾਂਦਾ ਹੈ। ਤਖਤੂਪੁਰਾ ਇਕ ਇਤਿਹਾਸਿਕ ਨਗਰ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਾਏ ਹਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੇਕਾਂ ਵਾਰੀ ਇਸ ਨਗਰ ਨੂੰ ਦਰਸ਼ਨ ਦੇ ਕੇ ਨਿਵਾਜਿਆ ਹੈ। ਸੂਬਾ ਸ਼ਮਿੰਦਰ ਸਿੰਘ ਸੈਦੋਕੇ ਦੀ ਅਗਵਾਈ ਵਿੱਚ ਇਲਾਕਾ ਨਿਵਾਸੀ ਸਾਧ ਸੰਗਤ ਮੇਲਾ ਮਨਾਉਂਦੀ ਹੈ। ਇਥੇ

ਸੁੰਦਰ ਸਥਾਨ ਨਾਮਧਾਰੀ ਧਰਮਸ਼ਾਲਾ ਵੀ ਬਣਾਈ ਗਈ ਹੈ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਮੰਚ ਤੇ ਕਵੀਸ਼ਰ ਗੁਰਲਾਲ ਸਿੰਘ ਭੈਣੀ ਸਾਹਿਬ ਕਵੀਸ਼ਰੀ ਦੇ ਰੂਪ ਵਿੱਚ ਸਿੱਖ ਇਤਿਹਾਸ ਦਾ ਪ੍ਰਸੰਗ ਪੇਸ਼ ਕਰ ਰਹੇ ਸਨ। ਇਸ ਤੋਂ ਪਹਿਲਾਂ ਕਵੀਸ਼ਰ ਦਿਲਬਾਗ ਸਿੰਘ ਵਲਟੋਆ ਅਤੇ ਗੁਰਚਰਨ ਸਿੰਘ ਚੰਨ ਮੁਹਾਵਾਂ ਵੀ ਦੀਵਾਨ ਸਜਾ ਚੁੱਕੇ ਸਨ। ਇਲਾਕਾ ਨਿਵਾਸੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਵੱਡੀ ਗਿਣਤੀ ਵਿੱਚ ਹਾਜ਼ਰ ਸੀ। ਪ੍ਰੋਗਰਾਮ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਕ ਛੋਟੇ ਬਾਲ ਨੂੰ ਸਟੇਟ ਤੋਂ ਬੁਲਾਇਆ ਜਿਸ ਦਾ ਨਾਮ ਮਨਜਿੰਦਰ ਸਿੰਘ ਪੁੱਤਰ ਬਲਜੀਤ ਸਿੰਘ ਸੀ। ਉਸ ਬੱਚੇ ਨੇ ਸਿੱਧੀ ਦਸਤਾਰ ਬਹੁਤ ਹੀ ਸੋਹਣੀ ਸਜਾਈ ਹੋਈ ਸੀ ਪ੍ਰੰਤੂ ਨੀਲੀ ਜੀਨ (ਪੈਂਟ) ਪਾਈ ਹੋਈ ਸੀ ਸ੍ਰੀ ਸਤਿਗੁਰੂ ਜੀ ਨੇ ਬਹੁਤ ਹੀ ਪਿਆਰ ਨਾਲ ਉਸਦੇ ਸੁੰਦਰ ਚਿਹਰੇ ’ਤੇ ਹੱਥ ਫੇਰ ਕੇ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਨੀਲਾ ਕੱਪੜਾਂ ਨਹੀਂ ਪਾਉਣਾ ਤਾਂ ਬੱਚੇ ਨੇ ਬੜੇ ਹੀ ਪਿਆਰ ਨਾਲ ਅੱਗੋਂ ਵਾਅਦਾ ਕੀਤਾ ਕਿ ਮੈਂ ਕਦੀ ਵੀ ਨੀਲਾ ਕੱਪੜਾ ਨਹੀਂ ਪਾਵਾਂਗਾ। ਇਹ ਹੀ ਗੁਰੂ ਦੀ ਵਡਿਆਈ ਹੋਇਆ ਕਰਦੀ ਹੈ। ਮੰਚ ਤੇ ਹੀ ਤਖਤੂਪੁਰੇ ਦੇ ਸ. ਹਰਮੇਲ ਸਿੰਘ ਦੀ ਪੁੱਤਰੀ ਜਿਸ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਹਨ। ਆਣ ਸ੍ਰੀ ਸਤਿਗੁਰੂ ਜੀ ਨੂੰ ਮਿਲੇ ਅਤੇ ਸ੍ਰੀ ਸਤਿਗੁਰੂ ਜੀ ਨੇ ਬੱਚੀ ਨੂੰ ਪਿਆਰ ਦਿੱਤਾ। ਇਥੋਂ ਹੀ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਅਤੇ ਸਮੁੱਚਾ ਜਥਾ ਸ੍ਰੀ ਭੈਣੀ ਸਾਹਿਬ ਲਈ ਚੱਲ ਪਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਜਲੰਧਰ ਵਿਖੇ ਅਖੰਡ ਪਾਠ ਅਤੇ ਮੇਲਾ

ਨਾਮਧਾਰੀ ਸੰਗਤ ਜਲੰਧਰ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨਾਂ ਨਮਿਤ ਪੂਰਨ ਮਰਿਆਦਾ ਸਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਆਰੰਭਤਾ **ਮਿਤੀ 9 ਦਸੰਬਰ 2022** ਨੂੰ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਜਲੰਧਰ ਵਿਖੇ ਕੀਤੀ ਗਈ। ਅਖੰਡ ਪਾਠ ਦੀ ਆਰੰਭਤਾ ਦੀ ਅਰਦਾਸ ਸੂਬਾ ਸੰਦੀਪ ਸਿੰਘ ਜੀ ਕਰੀਵਾਲਾ ਵਲੋਂ ਕੀਤੀ ਗਈ। ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਆਏ ਪਾਠੀ ਸਿੰਘਾਂ ਨੇ ਅਖੰਡ ਪਾਠ ਦਾ ਪੂਰਨ ਸ਼ੁਧ ਉਚਾਰਨ ਕੀਤਾ ਗਿਆ। ਇਸ ਨਿਰੰਤਰ ਬਾਣੀ ਦੇ ਪ੍ਰਵਾਹ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਗੁਰਬਾਣੀ ਦਾ ਸਰਵਣ ਕੀਤਾ। ਇਸ ਅਲੌਕਿਕ ਅਤੇ ਸਤਿਜੁਗੀ ਵਾਤਾਵਰਨ ਨੇ ਜਿਥੇ ਹਾਜ਼ਰ ਸੰਗਤ ਦੇ ਮਨਾਂ ਵਿੱਚ ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨਾਂ ਦੀ ਤਾਂਘ ਅਤੇ ਤਲਬ ਨੂੰ ਹੋਰ ਪ੍ਰਚੰਡ ਕੀਤਾ ਓਥੇ ਹੀ ਇਸ ਨੂੰ ਹੋਰ ਜ਼ਿਆਦਾ ਸ਼ਿਦਤ ਨਾਲ ਸੰਗਤ ਦੇ ਦਿਲਾਂ ਵਿੱਚ ਮਜ਼ਬੂਤ ਕੀਤਾ।

**ਮਿਤੀ 10 ਦਸੰਬਰ 2022** ਨੂੰ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਥਾਨਕ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਪ੍ਰਮੁੱਖਤਾ ਨਾਲ ਹਿੱਸਾ ਲਿਆ। ਇਸ ਪ੍ਰਭਾਤ ਫੇਰੀ ਵਿੱਚ ਤਕਰੀਬਨ 5 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਗਿਆ। ਇਸ ਪ੍ਰਭਾਤ ਫੇਰੀ ਦਾ ਵਿਸ਼ੇਸ਼ ਆਕਰਸ਼ਣ ਸੂਬਾ ਸੰਦੀਪ ਸਿੰਘ ਜੀ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨਾਂ ਨਮਿਤ ਗਾਈਆਂ ਪੁਰਾਤਨ ਰੀਤਾਂ ਦੇ ਸ਼ਬਦਾਂ ਨੇ ਸੰਗਤਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਪ੍ਰਭਾਤ ਫੇਰੀ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ। ਇਸੇ ਦਿਨ ਸ਼ਾਮ ਨੂੰ 7 ਵਜੇ ਤੋਂ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਜਲੰਧਰ ਵਿਖੇ ਨਾਮ ਸਿਮਰਨ ਕੀਤਾ ਗਿਆ ਜਿਸ ਦੌਰਾਨ ਸੂਬਾ ਸੰਦੀਪ ਸਿੰਘ ਜੀ ਨੇ ਗੁਰੂ ਜੱਸ ਸਰਵਣ ਕਰਾਇਆ। ਮਾਹੌਲ ਐਸਾ ਹੋ ਨਿਬੜਿਆ ਕਿ ਜਿਸ ਕੁੱਝ ਕੁ ਗੁਰੂ ਪਿਆਰਿਆਂ ਦਾ ਮਸਤਾਨਾ ਹੋਣਾ ਕੁਦਰਤੀ ਅਤੇ ਸੁਭਾਵਿਕ ਸੀ। ਇਕ ਅਲੱਗ ਤਰ੍ਹਾਂ ਦਾ ਮਾਹੌਲ ਹੋ ਨਿਬੜਿਆ। ਨਾਮ ਸਿਮਰਨ, ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਮਿਤੀ 11 ਦਸੰਬਰ 2022** ਨੂੰ ਸਵੇਰੇ 8 ਵਜੇ ਅਖੰਡ ਪਾਠ ਦੇ ਭੋਗ ਉਪਰੰਤ ਸੂਬਾ ਸੰਦੀਪ ਸਿੰਘ ਜੀ ਨੇ ਤਕਰੀਬਨ 2 ਘੰਟੇ ਮਨੋਹਰ ਦੀਵਾਨ ਸੰਗਤ ਦੀ ਭਰਪੂਰ ਹਾਜ਼ਰੀ ਵਿੱਚ ਸਜਾਇਆ। ਸੰਗਤ ਨੇ ਇੱਕ ਚਿੱਤ ਹੋ ਪੂਰੀ ਇਕਾਗਰਤਾ ਨਾਲ ਇਸ ਮਨੋਹਰ ਗੁਰੂ ਜੱਸ ਦਾ ਲਾਹਾ ਲਿਆ। ਦੀਵਾਨ ਦੀ ਸਮਾਪਤੀ ਉਪਰੰਤ ਸੰਤ ਜਤਿੰਦਰਪਾਲ ਸਿੰਘ ਚਿੰਕਾ ਨੇ ਜਿਥੇ ਸੂਬਾ ਸੰਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ, ਪਾਠੀ ਸਿੰਘਾਂ, ਆਈਆਂ ਸੰਗਤਾਂ ਦਾ ਧੰਨਵਾਦ ਕੀਤਾ, ਓਥੇ ਹੀ ਉਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਬਚਨ ਅਤੇ ਆਪਣੇ ਉਹਨਾਂ ਦੀ ਸ਼ਰਨ ਹੰਢਾਏ ਪਲਾਂ ਦੀ ਯਾਦ ਵੀ ਸੰਗਤ ਨਾਲ ਸਾਂਝੀ ਕੀਤੀ। ਪ੍ਰੋਗਰਾਮ ਦੀ ਸਮਾਪਤੀ ਦੀ ਅਰਦਾਸ ਸੂਬਾ ਜੁਗਿੰਦਰ ਸਿੰਘ ਜੀ ਨੇ ਕੀਤੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਜਿੱਥੇ ਸਾਰੀ ਸੰਗਤ ਨੇ ਇਸ ਮਹਾਂ ਯੱਗ ਵਿੱਚ ਆਪਣਾ ਆਪਣਾ ਬਣਦਾ ਭਰਪੂਰ ਸਹਿਯੋਗ ਪਾਇਆ ਓਥੇ ਹੀ ਇਸ ਦੇ ਆਯੋਜਨ ਪ੍ਰਬੰਧ ਵਿੱਚ ਸੰਤ ਜਤਿੰਦਰਪਾਲ

ਸਿੰਘ ਚਿੰਕਾ, ਸੰਤ ਕਮਲਜੀਤ ਸਿੰਘ, ਕਨਵੀਨਰ ਨਾਮਧਾਰੀ ਵਿਦਿਅਕ ਜੱਥਾ, ਜਲੰਧਰ ਜੋਨ, ਸੰਤ ਅਮਰਜੀਤ ਸਿੰਘ ਸੇਠੀ ਨੇ ਵਿਸ਼ੇਸ਼ ਅਤੇ ਉਲੇਖਯੋਗ ਸੇਵਾ ਨਿਭਾਈ। ਸੋਧ ਦੇ ਲੰਗਰ ਦੀ ਸੇਵਾ, ਪਾਠੀ ਸਿੰਘਾਂ ਦੀ ਰਿਹਾਇਸ਼ ਦੇ ਪ੍ਰਬੰਧ ਦੀ ਸੇਵਾ ਸੰਤ ਅਮਰੀਕ ਸਿੰਘ ਜੀ ਦੇ ਪਰਿਵਾਰ ਵਲੋਂ ਕੀਤੀ ਗਈ। ਇਹ ਸਾਰਾ ਪ੍ਰੋਗਰਾਮ ਨਵੀਆਂ ਪੈੜਾਂ ਪਾਉਂਦਾ ਹੋਇਆ ਨਿਰਵਿਘਨ ਰੂਪ ਵਿੱਚ ਸਫ਼ਲਤਾ ਸਹਿਤ ਸੰਪਨ ਹੋਇਆ।

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਪਾਵਨ ਦਰਸ਼ਨਾਂ ਨਮਿਤ ਅਤੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਭਜਨ ਅਤੇ ਚੌਪਈ ਸਾਹਿਬ ਦੀਆਂ ਵਰਨੀਆਂ ਦਾ ਅਖੰਡ ਪ੍ਰਵਾਹ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਵਲੋਂ **ਮਿਤੀ 29 ਦਸੰਬਰ 2022** ਨੂੰ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਜਲੰਧਰ ਵਿਖੇ ਅਰੰਭ ਕੀਤਾ ਗਿਆ। ਇਸ ਦੀ ਨਿਰਵਿਘਨ ਸੰਪੰਨਤਾ ਦੀ ਅਰਦਾਸ ਮਿਤੀ 1 ਜਨਵਰੀ 2023 ਨੂੰ ਸਵੇਰੇ 8 ਵਜੇ ਕੀਤੀ ਗਈ। ਉਪਰੰਤ ਜਥੇਦਾਰ ਸੰਤ ਨਿਸ਼ਾਨ ਸਿੰਘ ਜੀ ਦਿੱਲੀ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਾਇਆ। ਪ੍ਰੋਗ੍ਰਾਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਐਨੀ ਕੜਾਕੇ ਦੀ ਠੰਢ ਵਿੱਚ ਨੌਜਵਾਨਾਂ ਦਾ ਜੋਸ਼ ਆਪ ਮੁਹਾਰਾ ਸੀ। ਇਸ ਸਾਰੇ ਆਯੋਜਨ ਦਾ ਇਕ ਵਿਲੱਖਣ ਪਹਿਲੂ **ਮਿਤੀ 30-31 ਦਸੰਬਰ** ਨੂੰ ਪ੍ਰਭਾਤ ਫੇਰੀਆਂ ਦਾ ਕੱਢਣਾ ਸੀ ਜਿਸ ਵਿੱਚ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਬਹੁਤ ਪ੍ਰਭਾਵਸ਼ਾਲੀ ਰਿਹਾ ਇਹ ਉਪਰਾਲਾ। ਇਹ ਸੰਗਤ ਵਾਸਤੇ ਇੱਕ ਹਲੂਣਾ ਹੋ ਨਿਬੜਿਆ।

ਜਿਹਨਾਂ ਗੁਰਸਿੱਖਾਂ ਨੇ ਵਰਨੀਆਂ ਦੇ ਇਸ ਅਖੰਡ ਪ੍ਰਵਾਹ ਵਿੱਚ ਹਿੱਸਾ ਲਿਆ ਉਹਨਾਂ ਵਿੱਚ ਸੰਤ ਕਮਲਜੀਤ ਸਿੰਘ, ਸੰਤ ਜਤਿੰਦਰਪਾਲ ਸਿੰਘ ਚਿੰਕਾ, ਸੰਤ ਸੁਰਿੰਦਰ ਸਿੰਘ ਪੱਪੂ, ਸੰਤ ਸੁਖਮਿੰਦਰ ਸਿੰਘ ਸੁੱਖੂ, ਸੰਤ ਅਮਰਜੀਤ ਸਿੰਘ ਸੇਠੀ, ਸੰਤ ਗੁਰਮੀਤ ਸਿੰਘ ਸੋਨੂੰ, ਸੰਤ ਜਗਪ੍ਰੀਤ ਸਿੰਘ ਰਿਸ਼ੀ, ਸੰਤਾ ਸਿੰਘ,ਜੈਤਾ ਸਿੰਘ, ਗਿਆਨ ਸਿੰਘ, ਹਰਸਾ ਸਿੰਘ, ਗੁਰਨਾਮ ਸਿੰਘ, ਤੇਜਿੰਦਰ ਸਿੰਘ, ਜਗਤ ਸਿੰਘ, ਹਰਦਿਆਲ ਸਿੰਘ, ਬੇਅੰਤ ਸਿੰਘ, ਅਨਮੋਲ ਸਿੰਘ, ਹਰਸਿਮਰਤ ਸਿੰਘ, ਰਵਿੰਦਰ ਸਿੰਘ ਰਾਜਾ, ਬਲਦੇਵ ਸਿੰਘ, ਸਤਿੰਦਰ ਸਿੰਘ ਮਿੱਕੀ, ਗੁਰਿੰਦਰ ਸਿੰਘ ਨੋਨੀ, ਹਰਜੋਤ ਸਿੰਘ, ਆਸਾ ਸਿੰਘ, ਕਰਨਦੀਪ ਸਿੰਘ, ਭੂਪ ਸਿੰਘ, ਪ੍ਰੇਮ ਸਿੰਘ, ਹਰਮੀਤ ਸਿੰਘ ਰਾਜਾ, ਕਿਰਪਾਲ ਸਿੰਘ, ਪ੍ਰੀਤਮ ਸਿੰਘ ਗੁੱਲੂ, ਅਜੈਪਾਲ ਸਿੰਘ, ਅੰਮ੍ਰਿਤ ਪਾਲ ਸਿੰਘ, ਸਤਨਾਮ ਸਿੰਘ, ਰਘਬੀਰ ਸਿੰਘ, ਅਭੀਜੀਤ ਸਿੰਘ, ਰੇਸ਼ਮ ਸਿੰਘ, ਗੁਰਮਿੰਦਰ ਸਿੰਘ ਪ੍ਰਿੰਸ, ਬਸੰਤ ਸਿੰਘ ਆਦਿ ਨੇ ਇਸ ਮਹਾਂ ਕੁੰਭ ਵਿੱਚ ਆਪਣੀ ਆਪਣੀ ਹਾਜ਼ਰੀ ਲਗਵਾਈ। ਪ੍ਰਭਾਤ ਫੇਰੀਆਂ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਬੀਬੀਆਂ ਦੇ ਨਾਵਾਂ ਬਾਰੇ ਸ੍ਰੀ ਸਤਿਗੁਰੂ ਜੀ ਜਾਣੀ ਜਾਣ ਹਨ। ਇਸ ਸਾਰੇ ਆਯੋਜਨ ਦੇ ਪ੍ਰਬੰਧਕਾਂ ਸੰਤ ਕਮਲਜੀਤ ਸਿੰਘ ਜੀ, ਸੰਤ ਜਤਿੰਦਰਪਾਲ ਸਿੰਘ ਚਿੰਕਾ ਜੀ, ਸੰਤ ਅਮਰਜੀਤ ਸਿੰਘ ਸੇਠੀ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਸੇ ਤਰ੍ਹਾਂ ਆਪਣੇ ਸਿੱਖਾਂ ਉੱਤੇ ਬਖਸ਼ਿਸ਼ ਕਿਰਪਾ ਬਣਾਈ ਰੱਖਣ, ਇਸ ਤਰ੍ਹਾਂ ਦੇ ਉੱਦਮ ਹੁੰਦੇ ਰਹਿਣ।

**ਸੂਬਾ ਬਲਵਿੰਦਰ ਸਿੰਘ ਝੱਲ**

## ਰਾਮਪੁਰਾ ਫੂਲ ਦੀ ਸੰਗਤ ਨੇ ਸ਼ਹੀਦੀ ਦਿਹਾੜਾ ਮਨਾਇਆ

ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਵਿੱਚ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਦੀ ਨਾਮਧਾਰੀ ਸਾਧ ਸੰਗਤ ਵੱਲੋਂ ਸਾਹਿਬ-ਏ-ਕਮਾਲ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਦਿਹਾੜਾ ਨਾਮਧਾਰੀ ਧਰਮਸ਼ਾਲਾ ਮਹਿਰਾਜ ਰੋਡ ਵਿਖੇ ਸ਼ਰਧਾ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਪ੍ਰੋਗਰਾਮ ਆਰੰਭ ਹੋਇਆ। ਆਸਾ ਦੀ ਵਾਰ ਵਿੱਚ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਚਾਰੇ ਦਸਮ ਗ੍ਰੰਥ ਦੇ ਸ਼ਬਦ "ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ" ਸ਼ਬਦ ਨਾਮਧਾਰੀ ਸ਼ੈਲੀ ਅਨੁਸਾਰ ਵੈਰਾਗਮਈ ਅਵਸਥਾ ਵਿੱਚ ਪੜ੍ਹਿਆ ਗਿਆ ਅਤੇ ਬਸੰਤ ਦੀ ਵਾਰ ਦਾ ਗਾਇਨ ਹੋਇਆ।

ਆਸਾ ਦੀ ਵਾਰ ਦਾ ਕੀਰਤਨ ਸੰਤ ਗੁਰਭਗਤ ਸਿੰਘ ਅਤੇ ਜਥੇ ਵੱਲੋਂ ਜੋਸ਼ੀਲੇ ਤਰੀਕੇ ਨਾਲ ਕੀਤਾ ਗਿਆ ਜਿਸ ਵਿੱਚ ਸੰਦੀਪ ਸਿੰਘ, ਸੰਤਾ ਸਿੰਘ, ਅਰਜਨ ਸਿੰਘ, ਲੱਖਾ ਸਿੰਘ, ਜੱਸਾ ਸਿੰਘ, ਧੰਨਵੰਤ ਸਿੰਘ ਨੇ ਸਾਥ ਦਿੱਤਾ। ਇਸ ਸਮੇਂ ਡਾ. ਲਖਵੀਰ ਸਿੰਘ ਨੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਿਯਾਦਾ, ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਸੂਰਬੀਰਤਾ ਬਾਰੇ ਸਾਰੀ ਸੰਗਤ ਨੂੰ ਜਾਣੂੰ ਕਰਵਾਇਆ ਅਤੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਅਤੇ ਪੰਜ ਕਕਾਰਾਂ ਦੇ ਧਾਰਨੀ ਹੋਣ ਲਈ ਕਿਹਾ।

ਸਭ ਤੋਂ ਪਹਿਲਾਂ ਜਸ਼ਨਪ੍ਰੀਤ ਕੌਰ ਅਤੇ ਬੇਅੰਤ ਕੌਰ ਵੱਲੋਂ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵੀਸ਼ਰੀ "ਦੋ ਨਿੱਕੀਆਂ ਜਿੰਦਾਂ" ਗਾਈ ਗਈ। ਸੀਰਤ ਕੌਰ ਨੇ ਭਾਸ਼ਣ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਦੱਸਿਆ ਅਤੇ ਸੰਤ ਕੌਰ ਨੇ ਵੱਡੇ ਸਾਹਿਬਜ਼ਾਦਿਆਂ ਦਾ ਇਤਿਹਾਸ ਪੇਸ਼ ਕੀਤਾ। ਜੈ ਕੌਰ, ਅਨੁਪ੍ਰੀਤ ਕੌਰ, ਹਰਸਿਮਰਨ ਕੌਰ ਅਤੇ ਮਹਿਕਪ੍ਰੀਤ ਕੌਰ ਵੱਲੋਂ ਵਿਛੋੜੇ ਦਾ ਸ਼ਬਦ "ਸਰਸਾ ਨਦੀ ਤੇ ਵਿਛੋੜਾ ਪੈ ਗਿਆ "ਗਾਇਆ ਅਤੇ ਸਾਹਿਬਜ਼ਾਦਿਆਂ ਦੀ ਘੋੜੀ "ਠੰਢੇ ਬੁਰਜ 'ਚ ਬੈਠੀ ਮਾਤਾ ਸ਼ਗਨ ਕਰੇ" ਪੇਸ਼ ਕੀਤਾ ਗਿਆ। ਗੁਰਦੇਵ ਕੌਰ ਅਤੇ ਜਸਵੀਰ ਕੌਰ ਨੇ ਆਪਣੀ ਸੁਰੀਲੀ ਅਵਾਜ ਨਾਲ "ਮਾਤਾ ਸੁੰਦਰੀ ਪੁੱਛੇ ਬਾਜਾਂ ਵਾਲਿਉ" ਸ਼ਬਦ ਦਾ ਗਾਇਨ ਕੀਤਾ ਅਤੇ ਨਾਲ ਲੱਖਾ ਸਿੰਘ ਨੇ ਤਬਲੇ ਤੇ ਸਾਥ ਦਿੱਤਾ।

ਉਪਰੰਤ ਸੰਤਾ ਸਿੰਘ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਮਾਤਾ ਗੁਜਰੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਲੈ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਿਸ ਤਰ੍ਹਾਂ ਹੰਢਾਇਆ ਇਹ ਦਰਸਾਉਂਦੀ ਕਵਿਤਾ "ਸੰਗਤੇ ਨੀ ਮੇਰਾ ਨਾਂ ਗੁਜਰੀ ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ" ਗਾਈ। ਸੰਤ ਸੰਦੀਪ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤਰ੍ਹਾਂ ਔਰੰਗਜੇਬ ਦੇ ਜ਼ੁਲਮਾਂ ਦਾ ਟਾਕਰਾ ਕੀਤਾ ਅਤੇ ਜ਼ਫ਼ਰਨਾਮੇ ਦਾ ਇਤਿਹਾਸ ਸੰਗਤ ਨੂੰ ਭਾਸ਼ਣ ਦੇ ਰੂਪ ਵਿੱਚ ਸੁਣਾਇਆ। ਸੰਤ ਗੁਰਭਗਤ ਸਿੰਘ ਅਤੇ ਅਰਜਨ ਸਿੰਘ ਨੇ ਸਾਹਿਬਜ਼ਾਦਿਆਂ ਦੇ ਬਦਲੇ ਨੂੰ ਦਰਸਾਉਂਦੀ ਬੰਦਾ ਸਿੰਘ ਬਹਾਦਰ ਦੀ ਵਾਰ ਬਹੁਤ ਹੀ ਜੋਸ਼ੀਲੇ ਢੰਗ ਨਾਲ ਪੇਸ਼ ਕੀਤੀ।

ਸਮਾਗਮ ਦੇ ਅਖੀਰ ਵਿੱਚ ਧਰਮ ਸਿੰਘ ਨੇ ਸਾਰੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੀਆਂ ਮਾਂਵਾਂ, ਭੈਣਾਂ ਅਤੇ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਸਾਖੀਆਂ ਸੁਣਾਉਣ ਜਿਸ ਨਾਲ ਬੱਚੇ ਚੰਗੇ ਗੁਰਸਿੱਖ ਅਤੇ ਬਲੀ ਬਣ ਸਕਣ। ਇਸ ਸਮੇਂ ਰਾਮਪੁਰਾ ਫੂਲ ਦੀ ਸਮੁੱਚੀ ਸੰਗਤ ਤੋਂ ਇਲਾਵਾ ਸਮਾਗਮ ਵਿੱਚ ਸੰਤ ਮੇਜਰ ਸਿੰਘ, ਸੰਤ ਰਣਜੀਤ ਸਿੰਘ ਗਿੱਲ, ਸੰਤ ਜੋਗਿੰਦਰ ਸਿੰਘ, ਸੰਤ ਰਾਮ ਸਿੰਘ ਅਤੇ ਸੰਤ ਪਰਦੀਪ ਸਿੰਘ ਨੇ ਉਚੇਚੇ ਤੌਰ 'ਤੇ ਹਾਜਰੀ ਲਵਾਈ। ਇਹ ਦਿਹਾੜਾ ਸੰਤ ਹਰਪਾਲ ਸਿੰਘ ਮਾਨਸਾ ਅਤੇ ਪਰਿਵਾਰ ਵੱਲੋਂ ਮਨਾਇਆ ਗਿਆ। ਲੰਗਰ ਬਣਾਉਣ ਦੀ ਸੇਵਾ ਸੰਤ ਜਸਵਿੰਦਰ ਸਿੰਘ ਵੱਲੋਂ ਕੀਤੀ ਗਈ। ਪਰਿਵਾਰ ਵੱਲੋਂ ਆਈ ਸਾਧ ਸੰਗਤ ਦੀ ਤਨ ਮਨ ਨਾਲ ਸੇਵਾ ਕੀਤੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸੰਤਾ ਸਿੰਘ ਰਾਮਪੁਰਾ ਫੂਲ**

## ਸੰਤ ਗੁਰਮੁੱਖ ਸਿੰਘ ਬੱਗਾ ਅਤੇ ਮਾਤਾ ਹਰਜੀਤ ਕੌਰ ਜੀ ਦੀ ਯਾਦ ਵਿੱਚ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਦੇ ਭੌਰੇ ਸੰਤ ਗੁਰਮੁਖ ਸਿੰਘ ਬੱਗਾ ਸਪੁੱਤਰ ਸਵਰਗ ਵਾਸੀ ਸੰਤ ਕੁਲਦੀਪ ਸਿੰਘ ਜੀ ਗੜਵੇ ਵਾਲੇ ਅਤੇ ਮਾਤਾ ਹਰਜੀਤ ਕੌਰ ਜੀ- ਪਰਮਿੰਦਰ ਸਿੰਘ ਸ਼ਿਮਲਾਪੁਰੀ ਦੇ ਮਾਤਾ ਜੀ ਦੀ ਯਾਦ ਵਿੱਚ ਮੇਲਾ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿੱਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪਾਇਆ ਗਿਆ। ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ ਨੇ ਜੱਥੇ ਸਮੇਤ ਪਵਿੱਤਰ ਗੁਰਬਾਣੀ ਦਾ ਕੀਰਤਨ ਕੀਤਾ। ਸੰਤ ਗੁਰਮੁਖ ਸਿੰਘ ਬੱਗਾ ਜੀ **2 ਜਨਵਰੀ 2023** ਨੂੰ ਆਪਣੀ ਜੀਵਨ ਯਾਤਰਾ ਪੂਰੀ ਕਰ ਕੁਝ ਸਮਾਂ ਭਿਆਨਕ ਬਿਮਾਰੀ ਨਾਲ ਜੂਝਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਸੰਤ ਜੀ ਆਪਣੇ ਪਿਤਾ ਪੁਰਖੀ ਸੰਸਕਾਰਾਂ ਸਦਕਾ ਗੁਰਸਿੱਖੀ ਜੀਵਨ ਬਿਤਾ ਕੇ ਗਏ ਹਨ। ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਅੰਮ੍ਰਿਤ ਵੇਲੇ ਜਾਗ, ਨਾਮ ਸਿਮਰਨ ਕਰ, ਗੁਰਬਾਣੀ ਦਾ ਪਾਠ ਕਰਨਾ ਉਨਾਂ ਦਾ ਨਿੱਤ ਦਾ ਕਰਮ ਸੀ। ਸੰਤਾਂ ਦਾ ਸੁਭਾਅ ਹਲੀਮੀ ਨਾਲ ਲਬਰੇਜ ਸੀ। ਕਦੇ ਵੀ ਕਿਸੇ ਨਾਲ ਦੁਖਾਵੇਂ ਬਚਨ ਨਹੀਂ ਸੀ ਕਰਦੇ। ਹਰ ਇਕ ਨੂੰ ਖਿੜੇ ਮੱਥੇ ਹੀ ਮਿਲਣਾ, ਮਿਲਾਪੜੇ ਸੁਭਾਅ ਦੇ ਮਾਲਕ ਸਨ। ਆਪ ਅਪਣੇ ਪਿੱਛੇ ਦੇਵੀ ਸਮਾਨ ਗੁਰਸਿੱਖੀ ਨਾਲ ਗੁਣਾਂ ਨਾਲ ਭਰਪੂਰ ਬਜ਼ੁਰਗ ਮਾਤਾ ਸੁਰਜੀਤ ਕੌਰ, ਪਤਨੀ, ਅਤੇ ਦੋ ਬਹੁਤ ਹੀ ਪਿਆਰੇ ਲਾਲਾਂ ਨੂੰ



ਗੁਰ ਚਰਨਾਂ ਨਾਲ ਜੋੜ ਕੇ ਗਏ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਥਾਹ ਬਖਸ਼ਿਸ਼ਾਂ ਦੇ ਪਾਤਰ ਬਣੇ ਰਹੇ ਸਨ। ਇਨ੍ਹਾਂ ਦੇ ਭੋਗ ਦੇ ਨਾਲ ਹੀ ਸੰਤ ਪਰਮਿੰਦਰ ਸਿੰਘ ਜੀ ਸ਼ਿਮਲਾਪੁਰੀ ਵਾਲਿਆਂ (ਅੱਜ ਕੱਲ ਈਸ਼ਰ ਨਗਰ ਹਨ) ਦੇ ਮਾਤਾ ਜੀ- ਮਾਤਾ ਹਰਜੀਤ ਕੌਰ ਜੀ ਦਾ ਭੋਗ ਵੀ ਪਾਇਆ ਗਿਆ।

ਮਾਤਾ ਹਰਜੀਤ ਕੌਰ ਜੀ ਦਾ ਪੇਕਾ ਪਰਿਵਾਰ ਗ਼ੈਰ ਨਾਮਧਾਰੀ ਸੀ, ਜੋ ਕਿ ਪਾਕਿਸਤਾਨ ਦੇ ਪਿੰਡ ਰੁੜਕਾਂ ਕਲਾਂ



ਸ਼ਹਿਰ ਮਿੰਟਗੁਮਰੀ ਦੇ ਵਸਨੀਕ ਸਨ। ਦੇਸ਼ ਦੀ ਵੰਡ ਤੋਂ ਬਾਅਦ ਜਲੰਧਰ ਵਿੱਖੇ ਆ ਕੇ ਰਹੇ। ਮਾਤਾ ਜੀ ਦਾ ਗ੍ਰਹਿਸਥੀ ਜੀਵਨ ਵੀ ਬਹੁਤ ਸੰਘਰਸ਼ ਭਰਿਆ ਸੀ। ਆਪ ਜੀ ਦੇ ਤਿੰਨ ਸਪੁਤੱਰ ਅਤੇ ਇਕ ਬੇਟੀ ਜੋ ਕਿ ਰਾਧਾ ਸੁਆਮੀ ਮੱਤ ਨਾਲ ਜੁੜੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਇਨਾਂ ਦੇ ਛੋਟੇ ਸਪੁਤੱਰ ਪਰਮਿੰਦਰ ਸਿੰਘ ਜੀ ਉੱਤੇ 1996 ਦੇ ਹੋਲੇ ਮਹੱਲੇ ਤੇ ਅੰਮ੍ਰਿਤਸਰ ਕਲਾਂ-ਸੰਤ ਨਗਰ ਵਿੱਖੇ ਹੋਈ। ਪਰਮਿੰਦਰ ਸਿੰਘ ਇਕ ਨਾਮਧਾਰੀ ਗ੍ਰੰਥੀ ਜੋਗਿੰਦਰ ਸਿੰਘ ਨਾਲ ਮਿਲ ਕੇ ਕਥਾ ਕਰਿਆ ਕਰਦੇ ਸੀ। ਇਕ ਵਾਰ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਵਿੱਖਤ ਬਚਨਾਂ ਦੀ ਹੋ ਰਹੀ ਸੀ ਜਿਸ ਦਾ ਅਸਰ ਪਰਮਿੰਦਰ ਸਿੰਘ ਉੱਤੇ ਐਸਾ ਹੋਇਆ ਕਿ ਉਨਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਇਆ ਅਤੇ ਆਪ ਜੀ ਮਾਤਾ ਹਰਜੀਤ ਕੌਰ ਜੀ ਸਮੇਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜ ਗਏ। ਬਾਕੀ ਪਰਿਵਾਰ ਤਾਂ ਰਾਧਾ ਸੁਵਾਮੀ ਨਾਲ ਹੀ ਜੁੜਿਆ ਰਿਹਾ। ਪਰਮਿੰਦਰ ਸਿੰਘ ਦਾ ਵਿਆਹ ਵੀ ਨਾਮਧਾਰੀ ਗੁਰਸਿੱਖ ਪਰਿਵਾਰ ਵਿੱਚ ਹੀ ਹੋਇਆ। ਮਾਤਾ ਹਰਜੀਤ ਕੌਰ ਜੀ ਨੇ ਨਾਮਧਾਰੀ ਮਰਿਆਦਾ ਅਨੁਸਾਰ ਆਪਣਾ ਜੀਵਨ - ਭਜਨ ਬੰਦਗੀ ਕਰਦਿਆਂ ਬਤੀਤ ਕੀਤਾ। ਮਾਤਾ ਜੀ 92 ਕੁ ਸਾਲਾਂ ਦੀ ਉਮਰ ਭੋਗ- **1 ਜਨਵਰੀ 2023** ਨੂੰ ਨਾਮ ਸਿਮਰਨ ਕਰਦਿਆਂ ਹੀ ਸਰੀਰ ਤਿਆਗ ਗੁਰ ਚਰਨਾਂ ਵਿੱਚ ਜਾ ਬਿਰਾਜੇ ਹਨ।

ਸੰਤ ਗੁਰਮੁੱਖ ਸਿੰਘ ਬੱਗਾ ਅਤੇ ਮਾਤਾ ਹਰਜੀਤ ਕੌਰ ਜੀ ਦੇ ਭੋਗ ਸਮਾਗਮ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਉਪਦੇਸ਼ਾਂ ਵਿੱਚ ਕਿਹਾ ਕਿ ਕੋਈ ਬਜ਼ੁਰਗ, ਕੋਈ ਜੁਵਾਨ, ਕੋਈ ਬੱਚਾ ਭਾਵ ਕਿ ਅਸੀਂ ਸਭ ਦੁਨੀਆਂਦਾਰੀ 'ਚ ਪੈ ਕੇ ਉਸ ਪਰਮ ਪਿਤਾ ਪਰਮਾਤਮਾ ਨੂੰ ਵਿਸਾਰ ਦਿੰਦੇ ਹਾਂ। ਸੋ ਸਾਨੂੰ ਈਸ਼ਵਰ ਦੀ ਪ੍ਰਾਪਤੀ ਅਤੇ ਮਨ ਦੀ ਸ਼ਾਂਤੀ ਲਈ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਅਤੇ ਗੁਰਬਾਣੀ ਦਾ ਪਾਠ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਕਿਹਾ ਕਰਦੇ ਸੀ ਕਿ ਜੇ ਤੁਸੀਂ ਨਾਮ ਸਿਮਰਨ ਕਰੋਗੇ, ਗੁਰਬਾਣੀ ਪੜ੍ਹੋਗੇ ਤਾਂ ਦੁੱਖ ਸੁੱਖ ਰਹਿਤ ਹੋ ਜਾਵੋਗੇ। ਉਨ੍ਹਾਂ ਦੱਸਿਆ ਕਿ ਗੁਰਬਾਣੀ ਪੜ੍ਹਕੇ ਉਸ ਤੇ ਵਿਚਾਰ ਕਰਕੇ ਪਤਾ ਚੱਲਦਾ ਹੈ ਕਿ ਅਸੀਂ ਜਦੋਂ ਮਾਤ ਲੋਕ ਤੇ ਆਉਂਦੇ ਹਾਂ ਤਾਂ ਦੁੱਖ ਸੁੱਖ ਨਾਲ ਹੀ ਆਉਂਦੇ ਹਨ। ਸੁੱਖੀ ਕੇਵਲ ਉਹ ਹੀ ਰਹਿੰਦਾ ਹੈ ਜੋ ਗੁਰੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ। ਜੋ ਗੁਰੂ ਹੁਕਮਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਦਾ ਹੈ। ਉਹੋ ਹੀ ਸੁਰਖ਼ਰੂ ਹੋ ਕੇ ਇਸ ਮਾਤ ਲੋਕ ਤੋਂ ਜਾਂਦਾ ਹੈ। ਸੋ **8 ਜਨਵਰੀ 2023** ਦਿਨ ਐਤਵਾਰ ਨੂੰ ਇਕ -ਇਕ ਸਾਧਾਰਨ ਪਾਠ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ ਗਿਆ। ਅਖ਼ੀਰ ਤੇ ਵਿਸ਼ਵ ਸ਼ਾਂਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਜੀ ਨੇ ਕੀਤੀ ਅਤੇ ਸੂਬਾ ਹਰਭਜਨ ਸਿੰਘ ਜੀ ਵੱਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਦੂਰੋਂ ਨੇੜਿਓਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਸਵਿਦੰਰ ਸਿੰਘ ਲੁਧਿਆਣਾ**

## ਮਾਤਾ ਕੁਲਦੀਪ ਕੌਰ ਅਕਾਲ ਚਲਾਣਾ ਕਰ ਗਏ

ਜਮਨਾ ਨਗਰ- **19-1-2023** ਦਿਨ ਵੀਰਵਾਰ ਨਾਮਧਾਰੀ ਧਰਮਸ਼ਾਲ ਪੁਰਾਨਾ ਹਮੀਦਾ ਵਿਖੇ ਮਾਤਾ ਕੁਲਦੀਪ ਕੌਰ ਜੀ ਨਮਿਤ ਰਖੇ ਸਧਾਰਨ ਪਾਠ ਦਾ ਭੋਗ ਪਾਇਆ ਗਿਆ ਜੋ ਕਿ 83 ਕੁ ਸਾਲ ਦੀ ਉਮਰ ਭੋਗ ਕੇ ਅਕਲਾ ਚਲਾਨਾ ਕਰ ਗਏ ਸਨ।

ਮਾਤਾ ਜੀ ਦੀ ਉਮਰ ਭਾਵੇਂ ਵਡੇਰੀ ਸੀ ਪਰ ਹੈ ਬਿਲਕੁਲ ਤੰਦਰੁਸਤ ਸਨ। ਉਨ੍ਹਾਂ ਵਿੱਚ ਨੌਜਵਾਨਾਂ ਵਰਗਾ ਉਦਮ ਸੀ ਅੰਮ੍ਰਿਤ ਵੇਲੇ ਉਠਣਾ ਇਸ਼ਨਾਨ ਪਾਣੀ ਕਰਕੇ




ਨਾਮ ਸਿਮਰਨ ਦੀਆਂ ਦੋ ਮਾਲਾ ਕਰਨੀਆਂ ਉਨ੍ਹਾਂ ਦਾ ਨਿੱਤ ਕਰਮ ਸੀ। ਮਾਤਾ ਜੀ ਨਾਮਧਾਰੀ ਧਰਮਸ਼ਾਲਾ ਜਮਨਾ ਨਗਰ ਦੇ ਪਹਿਲੇ ਖਜਾਨਚੀ ਸੰਤ ਬੂਟਾ ਸਿੰਘ ਜੀ ਦੀ ਧਰਮ ਪਤਨੀ ਸਨ। ਮਾਤਾ ਜੀ ਆਪਣੇ ਪਿੱਛੇ ਤਿੰਨ ਲੜਕੇ ਭੁਪਿੰਦਰ ਸਿੰਘ, ਨਿੰਦਰ ਸਿੰਘ ਤੇ ਮੋਹਨ ਸਿੰਘ ਤੋਂ ਇਲਾਵਾ ਤਿੰਨ ਲੜਕੀਆਂ ਦਾ ਸੁੱਖੀ ਵਸਦਾ ਪਰਿਵਾਰ ਛਡ ਗਏ ਹਨ ਜੋ ਕਿ ਪੂਰਾ ਪਰਿਵਾਰ ਸਤਿਗੁਰੂ ਸਿੰਘ ਜੀ ਦਾ ਸ਼ਰਧਾਵਾਨ ਪਰਿਵਾਰ ਹੈ। ਮਾਤਾ ਜੀ ਦੇ ਭੋਗ ਸਮਾਗਮ ’ਤੇ ਸੰਤ ਜਥੇਦਾਰ ਨਿਸ਼ਾਨ ਸਿੰਘ ਜੀ ਦਿੱਲੀ ਵਾਲੇ ਉਚੇਚੇ ਤੌਰ ’ਤੇ ਦੀਵਾਨ ਲਗਾਉਣ ਲਈ ਪੁੱਜੇ ਸਨ। ਉਪਰੰਤ ਗੁਰਚਰਨ ਸਿੰਘ ਨੇ ਮਾਤਾ ਜੀ ਨੂੰ

ਸ਼ਰਧਾਜਲੀ ਦਿੱਤੀ। ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਬਲਦੇਵ ਸਿੰਘ ਜੀ ਨੇ ਕੀਤੀ। ਵੱਡੇ ਸਪੁੱਤਰ ਸੰਤ ਭੁਪਿੰਦਰ ਸਿੰਘ ਨੂੰ ਪਰਿਵਾਰਕ ਜਿੰਮੇਵਾਰੀ ਦੀ ਪੱਗ ਬੰਨੀ ਗਈ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ ਕਿਆਂਪੁਰੀਆ**

## ਸੰਤ ਤਰਲੋਚਨ ਸਿੰਘ ਚਾਨਾ ਜੀ ਨਹੀਂ ਰਹੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਹੋਏ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਦੇ ਭੌਰੇ ਅਤੇ ਪ੍ਰੀਤਵਾਨ ਗੁਰਸਿੱਖ ਸੰਤ ਤਰਲੋਚਨ ਸਿੰਘ ਜੀ ਚਾਨਾ ਸਪੁਤੱਰ ਸੰਤ ਸੰਤੋਖ ਸਿੰਘ ਜੀ- ਸੰਤ ਇਡੰਸਟਰੀ ਫਗਵਾੜੇ ਵਾਲੇ 27 ਦਿਸੰਬਰ 2022 ਨੂੰ ਅਕਾਲ ਪੁਰਖ ਵੱਲੋਂ ਬਖ਼ਸ਼ੀ ਆਯੂ ਭੋਗ ਕੇ



ਇਸ ਆਸਾਰ ਮਾਤ ਲੋਕ ਤੋਂ ਅਕਾਲ ਚਲਾਣਾ ਕਰ ਸ੍ਰੀ ਸਤਿਗੁਰੂ ਜੀ ਚਰਨਾਂ ਵਿੱਚ ਜਾ ਬਿਰਾਜੇ ਹਨ।

ਸੰਤ ਤਰਲੋਚਨ ਸਿੰਘ ਜੀ ਭਜਨ ਬੰਦਗੀ ਕਰਨ ਵਾਲੇ ਅਤੇ ਸੇਵਾ ਭਾਵਨਾ ਨੂੰ ਸਮਰਪਿਤ ਗੁਰਸਿੱਖ ਸਨ। ਸੰਤ ਤਰਲੋਚਨ ਸਿੰਘ ਜੀ ਬੜੇ ਹੀ ਹੱਸਮੁੱਖ ਅਤੇ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਿਕ ਸਨ। ਨਿਰਮਾਨਤਾ ਸਹਿਤ ਆਏ ਗਏ ਮਹਿਮਾਨਾਂ ਅਤੇ ਸਾਧਾ ਸੰਤਾਂ ਦੀ ਸੇਵਾ ਤਨੋਂ ਮਨੋਂ ਕਰਦੇ ਸੀ। ਸਥਾਨਕ ਗੁਰਦੁਆਰੇ ਅਤੇ ਸ੍ਰੀ ਭੈਣੀ ਸਾਹਿਬ ਜਾ ਕੇ ਮੇਲਿਆਂ ਵਿੱਚ ਜਾ ਕੇ ਦਾਲਾ ਭਾਜਾ ਲੰਗਰ ਬਣਾਉਣ ਅਤੇ ਵਰਤਾਉਣ ਦੀ ਸੇਵਾ ਕਰਦੇ ਰਹਿੰਦੇ ਸਨ। ਸੰਤ ਜੀ ਦਾ ਆਪਣੇ ਮਹਿਬੂਬ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਅਥਾਹ ਪ੍ਰੇਮ ਅਤੇ ਭਰੋਸਾ ਸੀ। ਸੰਤਾਂ ਦੀਆਂ ਚਾਰ ਬਹੁਤ ਹੀ ਪਿਆਰੀਆਂ ਸਿੱਖੀ ਗੁਣਾਂ ਭਰਪੂਰ ਬੱਚੀਆਂ ਹਨ ਅਤੇ ਇਕ ਬੇਟਾ ਹੈ। ਸੰਤਾਂ ਦੀਆਂ ਚਾਰੇ ਬੱਚੀਆਂ ਆਪਣੀ ਅਮਨਦੀਪ ਭਰਜਾਈ ਅਤੇ ਉਸਤਾਦ ਸੰਤ ਜਸਪਾਲ ਸਿੰਘ ਜੀ ਦੇ ਸਹਿਯੋਗ ਨਾਲ ਵਾਰਾ ਆਸਾ ਦੀ ਵਾਰ ਦਾ ਕੀਰਤਨ ਕਰਦੀਆਂ ਹਨ। ਫਗਵਾੜੇ ਵਾਲੀਆਂ ਬੀਬੀਆਂ ਦਾ ਵਾਰੇ ਵਾਲਾ ਜੱਥਾ ਸ੍ਰੀ ਸਤਿਗੁਰੂ ਜੀ ਦੀ ਆਪਾਰ ਬਖਸ਼ਿਸ਼ਾਂ ਸਦਕਾ ਬਹੁਤ ਮਸ਼ਹੂਰ ਹੈ। ਸੰਤ ਤਰਲੋਚਨ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਤੇ ਗੁਰਬਾਣੀ ਨਾਲ ਦੇ ਪਵਿੱਤਰ ਉਪਦੇਸ਼ਾਂ ਸਦਕਾ ਰੋਜ਼ਾਨਾ ਸਵਾ ਪਹਿਰ ਰਾਤ ਰਹਿੰਦੀ ਦੇ ਨਾਲ ਅੰਮ੍ਰਿਤ ਵੇਲੇ ਉੱਠ ਭਜਨ ਦੀ ਮਾਲਾ ਅਤੇ ਭਗੌਤੀਆਂ ਦੀ ਮਾਲਾ ਕਰ ਪਵਿੱਤਰ ਗੁਰਬਾਣੀ ਦਾ ਪਾਠ ਕਰਿਆ ਕਰਦੇ ਸਨ। 27 ਦਿਸੰਬਰ 2022 ਨੂੰ ਵੀ ਭਜਨ ਦੀ ਮਾਲਾ ਅਤੇ ਭਗੌਤੀ ਦੀ ਮਾਲਾ ਕਰ - ਭਜਨ ਕਰਦਿਆਂ ਹੀ ਅਚਾਨਕ ਅਟੈਕ ਆਉਣ ਨਾਲ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ।

ਸੰਤਾਂ ਦੀ ਆਤਮਿਕ ਸ਼ਾਤੀਂ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਬਹੁਤ ਭਾਰੀ ਮੇਲਾ ਸ੍ਰੀ ਭੈਣੀ ਸਾਹਿਬ ਵਿੱਖੇ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਸਾਧਾਰਨ ਪਾਠ ਦਾ ਭੋਗ 11 ਜਨਵਰੀ 2023 ਦਿਨ ਬੁੱਧਵਾਰ ਨੂੰ ਸ੍ਰੀ ਭੈਣੀ ਸਾਹਿਬ ਪਾਇਆ ਗਿਆ। ਸੰਤ ਹਰਬੰਸ ਸਿੰਘ ਘੁੱਲਾ ਜੀ ਨੇ ਬਹੁਤ ਹੀ ਵੈਰਾਗ ਮਈ ਰਸ ਭਿੰਨਾ ਕੀਰਤਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਸਵਿੰਦਰ ਸਿੰਘ ਨਾਮਧਾਰੀ**

## ਜਲੰਧਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ ਬਸੰਤ ਪੰਚਮੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਬਸੰਤ ਪੰਚਮੀ ਜਲੰਧਰ ਨਿਵਾਸੀ ਸਾਧ ਸੰਗਤ ਵੱਲੋਂ ਬਹੁਤ ਹੀ ਸ਼ਰਧਾ ਸਤਿਕਾਰ ਸਹਿਤ ਮਨਾਇਆ ਗਿਆ। ਸਾਧ ਸੰਗਤ ਵੱਲੋਂ ਸੂਬਾ ਜੋਗਿੰਦਰ ਸਿੰਘ, ਪ੍ਰਧਾਨ ਸ. ਨਰਾਇਣ ਸਿੰਘ ਅਤੇ ਜਤਿੰਦਰ ਸਿੰਘ ਚਿੰਕਾ ਦੇ ਅਰਜ ਕਰਨ 'ਤੇ ਸ੍ਰੀ ਸਤਿਗੁਰੂ ਜੀ ਨੇ ਮੇਲੇ ਦੀ ਪ੍ਰਵਾਨਗੀ ਦਿੱਤੀ ਅਤੇ ਨਿਯੁਕਤ ਕੀਤੇ ਸਮੇਂ ਮਿਤੀ **22 ਜਨਵਰੀ 2023** ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਜਲੰਧਰ ਸ਼ਹਿਰ ਵਿਖੇ ਸ. ਗਿਆਨ ਸਿੰਘ ਦੇ ਘਰ ਗਿਆਨ ਨਗਰ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਜਲੰਧਰ ਸ਼ਹਿਰ ਦੇ ਹੀ ਗੁਰਦੇਵ ਨਗਰ ਵਿਖੇ ਗੁਰਚਰਨ ਸਿੰਘ, ਲਖਵੰਤ ਸਿੰਘ ਪੁੱਤਰ ਸ. ਫਕੀਰ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਨਿਵਾਜਿਆ। ਸ. ਜਤਿੰਦਰ ਸਿੰਘ ਚਿੰਕਾ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਦੇਵੀ ਤਲਾਬ ਮੰਦਰ ਵਿਖੇ ਬਣੇ ਹੋਏ ਵਿਸ਼ਾਨ ਹਾਲ ਸ੍ਰੀ ਰਾਮਗੜ੍ਹ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿਥੇ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਕੀਤਾ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਮੰਚ ਤੇ ਪਧਾਰੇ ਤਾਂ ਕਵੀਸ਼ਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਕਵੀਸ਼ਰੀ ਪ੍ਰਸੰਗ ਪੇਸ਼ ਕਰ

ਰਹੇ ਸਨ। ਇਸ ਸਮੇਂ ਹੀ ਸ. ਪ੍ਰਗਟ ਸਿੰਘ ਸਾਬਕਾ ਮੰਤਰੀ ਵੀ ਦਰਸ਼ਨ ਕਰਨ ਲਈ ਪਧਾਰੇ। ਬੱਚਿਆਂ ਵੱਲੋਂ ਤਿਆਰ ਕੀਤਾ ਪ੍ਰੋਗਰਾਮ ਪੇਸ਼ ਕਰਨ ਸਮੇਂ ਪਹਿਲਾਂ ਬੱਚੀ ਪ੍ਰਭਜੋਤ ਕੌਰ ਨੇ 'ਹੇ ਗੋਬਿੰਦ ਹੇ ਗੋਪਾਲ, ਸ਼ਬਦ ਗਾਇਨ ਕੀਤਾ। ਗੁਰਦੇਵ ਕੌਰ ਨੇ ਸਿਤਾਰ ਵਾਦਨ ਪੇਸ਼ ਕੀਤਾ। ਬੱਚੀ ਗਿਆਨ ਕੌਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਬਾਰੇ ਲੈਕਚਰ ਪੇਸ਼ ਕੀਤਾ। ਕਾਕਾ ਰਤਨ ਸਿੰਘ ਬਸੰਤ ਰਾਗ ਵਿੱਚ ਗਾਇਨ ਪੇਸ਼ ਕੀਤਾ। ਇਸ ਸਮੇਂ ਪੰਡਿਤ ਰਮਾਂਕਾਂਤ ਜੀ ਮੰਚ ’ਤੇ ਪਧਾਰੇ। ਬੱਚੀ ਬਸੰਤ ਕੌਰ ਤੇ ਸਤਵੰਤ ਕੌਰ ਨੇ ਕਵਿਤਾ ਪੇਸ਼ ਕੀਤੀ। ਸਿਮਰਜੀਤ ਸਿੰਘ ਨੇ ਤਬਲੇ ’ਤੇ ਆਪਣੀ ਹਾਜ਼ਰੀ ਲਵਾਈ। ਇਸਤਰੀ ਵਿਦਿਅਕ ਜਥੇ ਦੀਆਂ ਬੱਚੀਆਂ ਨੇ ਸ਼ਬਦ ‘ਬਸੰਤ ਰੁਤ ਆਈ’ ਗਾਇਨ ਕੀਤਾ। ਹਜ਼ੂਰੀ ਰਾਗੀ ਸ. ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਕੀਰਤਨ ਦੀ ਆਰੰਭਤਾ ਕਰਦੇ ਹੋਏ। ‘ਦੁਆਦਸ ਪੁਰਖ ਹੈ ਆਦਿ ਸੇ ਸਭਹਿਨ ਕੇ ਸਿਰਮੌਰ’ ਅਤੇ ‘ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ’ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਪੰਜਾਬੀ ਸਾਹਿਤ ਜਗਤ ਦੀ ਬਹੁਤ ਸਤਕਾਰੀ ਅਤੇ ਸਨਮਾਨੀ ਹੋਈ ਹਸਤੀ ਸ. ਵਰਿਆਮ ਸਿੰਘ ਸੰਧੂ ਦੇ ਵਿਦਵਤਾ ਅਤੇ ਸ਼ਰਧਾ ਭਰਪੂਰ ਸ਼ਬਦਾਂ ਨੇ ਸਭ ਦਾ ਮਨ ਮੋਹ ਲਿਆ। ਮੰਚ ਵੱਲੋਂ ਪ੍ਰਧਾਨ ਨਰਾਇਣ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਅਤੇ ਹਰਵੱਲਬ ਸੰਗੀਤ ਸਭਾ ਅਤੇ ਦੇਵੀ ਤਲਾਬ ਮੰਦਰ ਕਮੇਟੀ ਦਾ ਧੰਨਵਾਦ ਵੀ ਕੀਤਾ ਗਿਆ। ਅਰਦਾਸ ਉਪਰੰਤ ਪ੍ਰੋਗਰਾਮ ਦੀ ਸਮਾਪਤੀ ਹੋਈ ਤਾਂ ਵਾਪਸੀ ਸਮੇਂ ਰਸਤੇ ਵਿੱਚ ਸ੍ਰੀ ਸਤਿਗੁਰੂ ਜੀ ਨੇ ਪ੍ਰੀਤ ਨਗਰ ਵਿਖੇ ਸ. ਅਮਰਿੰਦਰ ਸਿੰਘ ਰਾਜਾ ਦੇ ਚੜ੍ਹਾਈ ਕਰਨ ’ਤੇ ਸ. ਗੁਰਦੇਵ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

## ਪਿੰਡ ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

'ਸਤਿਗੁਰ ਤੁਲਿ ਨਾ ਮਿਹਰਵਾਨ' ਭਾਈ ਗੁਰਦਾਸ ਜੀ ਦੀਆਂ ਇਹ ਪੰਗਤੀ ਸਾਨੂੰ ਹਮੇਸ਼ਾ ਇਹ ਯਾਦ ਕਰਵਾਉਂਦੀ ਹੈ ਕਿ ਸਾਰੇ ਦੁਨਿਆਵੀ ਰਿਸਤਿਆਂ ਵੱਲ ਨਗਜ਼ ਮਾਰ ਕੇ ਵੱਖ ਲਿਆ ਜਾਵੇ। ਕਿਤੇ ਵੀ ਗੁਰੂ ਸਿੱਖ ਦੇ ਰਿਸ਼ਤੇ ਦੇ ਤੁਲ ਹੋਰ ਕੋਈ ਦੁਨਿਆਈ ਰਿਸ਼ਤਾ ਪੂਰਾ ਨਹੀਂ ਉਤਰਦਾ। **ਮਿਤੀ 24 ਜਨਵਰੀ 2023** ਦਿਨ ਮੰਗਲਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਲੰਮਾ ਸਫ਼ਰ ਤਹਿ ਕਰਦੇ ਹੋਏ ਪਿੰਡ ਸੰਤ ਨਗਰ ਵਿਖੇ ਸ. ਹਰਜੀਤ ਸਿੰਘ ਪੁੱਤਰ ਸ. ਸਵਰਨ ਸਿੰਘ ਅਤੇ ਪੋਤਰਾ ਸ. ਬਖਸ਼ੀਸ਼ ਸਿੰਘ ਵਰਨ ਜੋ ਪਿਛਲੇ ਦਿਨੀਂ ਚੜ੍ਹਾਈ ਕਰ ਗਿਆ ਸੀ, ਉਸ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ਼ਿਕਰ ਯੋਗ ਹੈ ਕਿ ਇਹ ਪਰਿਵਾਰ ਸੰਤ ਗੁਲਾਬ ਸਿੰਘ ਵਰਨਾਂ ਵਾਲੇ ਦਾ ਪਰਿਵਾਰ ਹੈ। ਜੋ ਸਿੱਖੀ ਤੋਂ ਪੈਰ ਪਿੱਛੇ ਖਿਸਕਾ ਚੁੱਕਾ ਹੈ ਪ੍ਰੰਤੂ ਸ੍ਰੀ ਸਤਿਗੁਰੂ ਜੀ ਫਿਰ ਵੀ ਆਪਣਿਆਂ ਦੀ ਲਾਜ ਰੱਖਦੇ ਹਨ। ਭੋਗ ਸਮੇਂ ਜਸਵਿੰਦਰ ਸਿੰਘ ਭਿੰਡਰ ਨੇ ਕਥਾ ਕੀਤੀ। ਨੌਵੇ ਮਹੱਲੇ ਦੇ ਸ਼ਲੋਕ ਪੜ੍ਹ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪ੍ਰਕਾਸ਼ ਸਿੰਘ ਪੁੱਤਰ ਮਾਸਟਰ ਬਲਰਾਜ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਐਡਵੋਕੇਟ ਗੁਰਭਜਨ ਸਿੰਘ ਦੀ ਮਾਤਾ ਅਜਮੇਰ ਕੌਰ ਪਤਨੀ ਸੰਤ ਕਰਤਾਰ ਸਿੰਘ ਨਾਥ ਨੂੰ ਦਰਸ਼ਨ ਦਿੱਤੇ ਜੋ ਕਿ ਮੰਜੇ ਉਪਰ ਲੇਟੇ ਹੋਏ ਸਨ। ਇਥੇ ਹੀ ਸ੍ਰੀ ਸਤਿਗੁਰੂ ਜੀ ਨੇ ਪਿੰਡ ਅਮਰਾਸਰ ਕਲਾਂ ਵਿਖੇ ਸ. ਜੱਸਾ ਸਿੰਘ ਮਾਂਗਟ ਪੁੱਤਰ ਸ. ਵਿਰਸਾ ਸਿੰਘ ਦੇ ਪਰਿਵਾਰ ਨੂੰ ਦਰਸ਼ਨ ਦੀ ਕਿਰਪਾ ਕੀਤੀ। ਪਿੰਡ ਰਾਮਪਰ (ਬੁੱਢੀਮਾੜੀ) ਵਿਖੇ ਸ. ਦਰਸ਼ਨ ਸਿੰਘ ਸ਼ਹੀਦ ਦੀ ਮਾਤਾ ਬੀਬੀ ਸੁਰਜੀਤ ਕੌਰ ਦੇ ਚੜ੍ਹਾਈ ਕਰਨ ’ਤੇ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਦਰਸ਼ਨ ਦੇ ਕੇ ਨਿਵਾਜਿਆ। ਵਾਪਸ ਮਸਤਾਨਗੜ੍ਹ ਆਣ ਕੁਝ ਸਮਾਂ ਉਪਰੰਤ ਟਿੱਬਾ ਫਾਰਮ ’ਤੇ ਫਸਲ ਵਾੜੀ ਵੱਲ ਝਾਤ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ। ਇਸ ਤਰ੍ਹਾਂ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸਾਰਾ ਦਿਨ ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ ਕਰਨ ਉਪਰੰਤ ਦੋਹਰਾ ਪੈਂਡਾ ਕਰਦੇ ਹੋਏ ਰਾਤ ਹੋਣ ਤੱਕ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**


## Matrimonial

**Name Talvir Singh Grewal**
Father name S. Gurmeet singh
VPO Jassowal, Ludhiana
In Canada - Edmonton
DOB - 09.09.1994
Study - B. Tech, PG in Canada, PR in canada
Height - 6 feet
+91 99143 00426

## ਮੇਲਾ ਬਸੰਤ ਪੰਚਮੀ ਦਿੱਲੀ, ਮਿਤੀ: 28 ਜਨਵਰੀ 2023








## ਮਹਾਨ ਸ਼ਹੀਦੀ ਸਮਾਗਮ ਮਲੇਰਕੋਟਲਾ, ਮਿਤੀ: 17 ਜਨਵਰੀ 2023











Date of Publication: 06 February 2023
Date of Posting: 08 February 2023

RNI NO.55658/93
LDM/008/2021-2023

## ਤ੍ਰਿਬੇਣੀ-ਪੁਰਬ

# ਹੋਲਾ ਮਹੱਲਾ 2023

### ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ-ਪਵਿੱਤਰ ਹਜ਼ੂਰੀ ਵਿੱਚ

## 23–27 ਫੱਗਣ 2079 ਬਿ.
## 7–11 ਮਾਰਚ 2023

### ਸਥਾਨ: ਗੁਰਦੁਆਰਾ ਸ੍ਰੀ ਭੈਣੀ ਸਾਹਿਬ,
### ਲੁਧਿਆਣਾ (ਪੰਜਾਬ)

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.